ਰੱਬ ਬਹੁਤਾ ਚੰਗਾ ਨਹੀਂ ਹੈ

ਅਮਰਜੀਤ ਸਿੰਘ

Rabb Bahutā Changā Nahīṅ Hai

by :

Amarjit Singh

V.P.O. Khambra, Distt. Jalandhar

© ਲੇਖਕ

ਪਹਿਲੀ ਵਾਰ

ਪ੍ਰਕਾਸ਼ਕ :

ਸ਼ਬਦਿ ਸੁਰਤਿ ਕੇਂਦਰ (ਰਜਿ.)

ਹਲਵਾਰਾ (ਲੁਧਿਆਣਾ)

Ph : 0161-454561

ਇਹ ਪੁਸਤਕਾਂ ਸਬ-ਆਫਿਸ ਤੋਂ ਮਿਲ ਸਕਦੀਆਂ ਹਨ :

ਦਿੱਲੀ	— 6837460
ਲੁਧਿਆਣਾ	— 533480, 450566
ਕੈਨੇਡਾ	— 780-450-8231, 604-502-8818
ਅਮਰੀਕਾ	— 209-476-1735

ਛਾਪਕ :

ਪ੍ਰਿੰਟਵੈੱਲ

146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੁੱਲ : 15/- ਰੁਪਏ

ਸਮਰਪਣ

ਇਹ ਟ੍ਰੈਕਟ ਉਸ ਵਾਹਿਗੁਰੂ ਨੂੰ ਹੀ ਸਮਰਪਣ ਕਰਦਾ ਹਾਂ ਜਿਸ ਨੇ ਇਹ ਸੋਝੀ ਦਿੱਤੀ ਕਿ ਲਿਖ, ਰੱਬ ਚੰਗਾ ਨਹੀਂ ਹੈ। ਰੱਬ ਚੰਗਾ ਹੈ ਵੀ ਨਹੀਂ।

ਇਸੇ ਕਲਮ ਤੋਂ

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਤ ਵਿਚਾਰ—ਪੰਜ ਪੋਥੀਆਂ
- ਨਿਤਨੇਮ ਸਟੀਕ—ਤੱਤ ਵਿਚਾਰ
- ਸੁਖਮਨੀ ਸਾਹਿਬ ਸਟੀਕ—ਤੱਤ ਵਿਚਾਰ
- ਆਸਾ ਦੀ ਵਾਰ—ਤੱਤ ਵਿਚਾਰ
- ਗੁਰੂ ਕੌਣ ਹੁੰਦਾ ਹੈ ? ਆਓ ! ਆਪਣਾ ਇਤਿਹਾਸ ਠੀਕ ਕਰੀਏ
- ਜਿਸ ਨੇ ਅੰਮ੍ਰਿਤ ਨਹੀਂ ਛਕਿਆ
- ਸਚਖੰਡਿ ! ਅਗਲੀ ਦੁਨੀਆਂ—ਹੈ ਕਿ ਨਹੀਂ ?
- ਚਰਨ ਧੂੜ—ਤੱਤ ਵਿਚਾਰ
- ਦਸਮ ਦੁਆਰ ਕੀ ਹੈ ?—ਇਨਸਾਨੀਅਤ
- ਮਾਈ ਮਾਇਆ ਛਲ—ਤੱਤ ਵਿਚਾਰ
- ਪੜ੍ਹਾਈ ਕਿਵੇਂ ਕਰੀਏ ?
- ਦਸਾਂ ਗੁਰੂਆਂ ਦਾ ਸੰਖੇਪ ਜੀਵਨ
- ਦਸਮ ਗ੍ਰੰਥ ਬਾਰੇ
- ਕਰਮਾਂ ਦੀ ਫ਼ਿਲਾਸਫ਼ੀ
- ਕੀ ਬੀਬੀਆਂ ਲਈ ਕੇਸਕੀ ਸਜਾਉਣੀ ਜ਼ਰੂਰੀ ਹੈ ?

ਰੱਬ ਬਹੁਤਾ ਚੰਗਾ ਨਹੀਂ ਹੈ

ਅਸੀਂ ਸਾਰੇ ਰੱਬ ਨੂੰ ਬਹੁਤ ਚੰਗਾ, ਅੱਛਾ, ਮਿਹਰਵਾਨ, ਦਿਆਲੂ, ਕਿਰਪਾਲੂ, ਰਹਿਮ-ਦਿਲ, ਬਖ਼ਸ਼ਿਸ਼ ਕਰਨ ਵਾਲਾ, ਰਹੀਮ, ਕਰੀਮ ਆਖਦੇ ਹਾਂ। ਜ਼ਬਾਨੀ ਕਲਾਮੀ ਆਖੀ ਜਾ ਰਹੇ ਹਾਂ। ਅਸੀਂ ਰੱਬ ਨੂੰ ਤਾਂ ਜਾਣਦੇ ਹੀ ਨਹੀਂ ਤੇ ਜਾਣਨ ਦੀ ਕੋਸ਼ਿਸ਼ ਵੀ ਨਹੀਂ ਕਰਦੇ, ਫਿਰ ਆਪਾਂ ਕਿਵੇਂ ਆਖੀ ਜਾ ਰਹੇ ਹਾਂ ? ਰਾਗੀਆਂ, ਪ੍ਰਚਾਰਕਾਂ ਤੋਂ, ਕਥਾਕਾਰਾਂ ਤੋਂ ਸੁਣਿਆਂ ਸੁਣਾਇਆਂ। ਇਹਨਾਂ ਵਿਚਾਰਿਆਂ ਨੂੰ ਮਾਇਆ ਬਟੋਰਨ ਤੋਂ ਇਲਾਵਾ ਕੋਈ ਗਿਆਨ ਹੀ ਨਹੀਂ ਹੁੰਦਾ। ਅੱਖਰੀ ਗਿਆਨ ਹੁੰਦਾ ਹੈ, ਵਿਆਕਰਣ ਦਾ ਗਿਆਨ ਹੁੰਦਾ ਹੈ, ਬੁਲਾਰੇ ਚੰਗੇ ਹੁੰਦੇ ਹਨ, ਸੰਗਤਿ ਮੰਨ ਜਾਂਦੀ ਹੈ ਜੋ ਇਹ ਕਹਿੰਦੇ ਹਨ। ਸੰਗਤਿ ਨੂੰ ਵੀ ਗਿਆਨ ਨਹੀਂ ਹੁੰਦਾ, ਕਿਉਂਕਿ ਸੁਰਤਿ ਦਾ ਮਾਰਗ ਤਾਂ ਅਸੀਂ ਭੁੱਲ ਹੀ ਗਏ। ਨਾ ਸੁਰਤਿ ਲਾਈਏ, ਨਾ ਸਮਝ ਆਏ। ਕਹਾਣੀ ਹੀ ਖ਼ਤਮ ਹੋਈ ਪਈ ਹੈ। ਬਿਊਟੀ ਪਾਰਲਰ ਤੋਂ ਹੋ ਕੇ, ਆ ਕੇ ਅਸੀਂ ਗੁਰਦੁਆਰੇ ਜਾਂਦੇ ਹਾਂ। ਫ਼ੈਸ਼ਨ ਹਾਊਸ ਬਣਾਇਆ ਪਿਆ ਹੈ ਗੁਰਦੁਆਰਾ। ਅੰਮ੍ਰਿਤਸਰ ਜਾਈਏ ਤਾਂ ਸ਼ਾਮ ਨੂੰ ਪਿਕਨਿਕ ਸਪਾਟ ਬਣਾਇਆ ਪਿਆ ਹੈ "ਦਰਬਾਰ ਸਾਹਿਬ"। ਦਿੱਲ ਦਾ ਨਾਂ ਕੁੱਕੜ ਨਹੀਂ ਆਉਂਦਾ, ਸ਼ਹਿਰਨਾਂ ਸਜ ਧਜ ਕੇ ਗੁਰਦੁਆਰੇ ਆ ਜਾਣਗੀਆਂ, ਫਿਰ ਗੱਪਾਂ ਮਾਰਨਗੀਆਂ, ਹੱਸਣਗੀਆਂ, ਜਿਵੇਂ ਪਿਕਨਿਕ ਆਈਆਂ ਹੁੰਦੀਆਂ ਹਨ। ਅਸੀਂ ਵੀ ਕਿਹੜਾ ਅੱਗੋਂ ਕੋਈ ਸਿਖਿਆ ਦੇਣੀ ਹੈ, ਗਾਣੇ ਗਾਈ ਜਾ ਰਹੇ ਹਾਂ। ਗੁਰਬਾਣੀ ਇਤਨੀ ਬਾਰੀਕ ਹੈ ਕਿ ਪੰਜ-ਦਸ ਵਾਰੀ ਸ਼ਬਦ ਵੀਚਾਰੋ ਤਾਂ ਸਮਝ ਆਉਂਦਾ ਹੈ। ਕੀ ਕੀਰਤਨ ਸਾਰਿਆਂ ਨੂੰ ਸਮਝ ਆਉਂਦਾ ਹੈ ? ਗੁਰੂ ਪਾਤਿਸ਼ਾਹ ਆਪ ਕਥਾ ਕਰਦੇ ਸਨ, ਬਾਣੀ ਸਮਝਾਉਂਦੇ ਸਨ ਕਿ ਸੁਰਤਿ ਕਿਵੇਂ ਜੋੜੀਦੀ ਹੈ ? ਸਮਝਾਉਂਦੇ ਸਨ। ਪਰ ਹੁਣ ਸਾਰੇ ਸ਼ਰਾਬ ਪੀਂਦੇ ਹਨ, ਅਫ਼ੀਮ, ਭੁਕੀ ਵੇਚਦੇ ਹਨ, ਸ਼ਰਾਬ ਦੇ ਠੇਕੇ ਹਨ, ਮਾਇਆ ਹੀ ਕਮਾਉਂਦੇ ਹਨ, ਹੋਰ ਕੁਛ ਜਾਣਦੇ ਹੀ ਨਹੀਂ। ਉਹਨਾਂ ਦਾ ਵੀ ਕੋਈ ਕਸੂਰ ਨਹੀਂ ਹੈ। ਸਮਝ ਹੀ ਨਹੀਂ।

ਅਸਲ ਵਿਚ ਅਸੀਂ ਰੱਬ ਨੂੰ ਸਮਝ ਹੀ ਨਹੀਂ ਸਕੇ, ਨਾ ਕਿਸੇ ਨੇ ਠੀਕ ਤਰੀਕੇ ਨਾਲ ਸਮਝਾਇਆ ਹੀ ਹੈ, ਨਾ ਕਿਸੇ ਨੂੰ ਸਮਝ ਹੀ ਆਈ ਹੈ। ਸਮਝ ਆਏ ਤਾਂ ਸਮਝਾਏ। ਕੁਛ T.V. ਨੇ ਸਰੀਰ ਨੂੰ ਕਲਯੁਗੀ ਬਣਾਇਆ ਹੋਇਆ

ਹੈ। ਅੱਜ ਕੁਛ ਅੰਦਰਲੀ ਗੱਲ ਸਮਝਾਈ ਹੀ ਨਹੀਂ ਜਾਂਦੀ। ਅੰਦਰਲੀ ਅਸਲੀਅਤ ਭੁੱਲ ਹੀ ਗਈ। ਹੌਲੀ ਹੌਲੀ ਐਸੀ ਭੁੱਲੀ ਕਿ ਹੁਣ ਯਾਦ ਹੀ ਨਹੀਂ ਆ ਰਹੀ। ਕਦੀ ਯਾਦ ਆਇਆ ਕਿ ਮੈਂ ਦਸਮੇਸ਼ ਪਿਤਾ ਦਾ ਪੁੱਤਰ ਹਾਂ, ਰੱਬ ਦਾ ਪੁੱਤਰ ਹਾਂ, ਗੁਰੂ ਨਾਨਕ ਦਾ ਪੁੱਤਰ ਹਾਂ। ਰੱਬ ਨੇ ਤੈਨੂੰ ਯਾਦ ਹੀ ਨਹੀਂ ਆਉਣ ਦਿੱਤਾ। ਰੱਬ ਚੰਗਾ ਹੈ ਨਾ ?

ਰੱਬ ਦੀ ਗੱਲ ਕਰੀਏ। ਰੱਬ ਇਕ ਪ੍ਰਕਾਸ਼, ਨੂਰ, ਜੋਤਿ, ਆਤਮਾ Soul-Spirit ਪਰ ਪਰਮ-ਆਤਮਾ ਹੈ, ਜੋ ਧਰਤੀ ਤੋਂ ਆਕਾਸ਼ ਤਕ ਹੈ, ਪਤਾਲ ਤੋਂ ਆਕਾਸ਼ ਤਕ ਹੈ, ਸਮੁੰਦਰ ਵਿਚ ਵੀ ਹੈ, ਕੋਈ ਐਸੀ ਜਗ੍ਹਾ ਹੀ ਨਹੀਂ ਜਿਥੇ ਰੱਬ ਨਹੀਂ ? ਰੱਬ ਕਦੋਂ ਦਾ ਹੈ, ਰੱਬ ਨੂੰ ਵੀ ਨਹੀਂ ਪਤਾ। ਅਰਬਦ ਨਰਬਦ–ਅਰਬਾਂ ਤੇ ਖਰਬਾਂ ਸਾਲਾਂ ਦੀ ਗੁਰੂ ਨਾਨਕ ਨੇ ਗੱਲ ਕੀਤੀ ਹੈ, ਕਿਹਾ–ਉਸ ਤੋਂ ਪਹਿਲਾਂ ਵੀ ਰੱਬ ਹੈਗਾ ਸੀ ਪਰ ਉਸ ਦੀ ਕੁਦਰਤਿ ਨਹੀਂ ਸੀ, ਆਪ ਹੀ ਆਪ ਸੀ। ਸੁੰਨ ਸਮਾਧ ਵਿਚ ਬੈਠਾ ਸੀ, ਨਾ ਬੋਲਦਾ ਸੀ, ਨਾ ਕੋਈ ਹਰਕਤ ਕਰਦਾ ਸੀ। ਕਹਿ ਲਓ, ਉਸਦਾ ਦਿਲ ਪਰਚਾਵੇ ਲਈ ਮੰਨ ਕਰ ਆਇਆ। ਇਕ ਖੇਡ ਰਚਾਂ। ਸਰੀਰ ਬਣਾਵਾਂ ਤੇ ਉਸ ਸਰੀਰ ਲਈ ਕੁਦਰਤਿ ਬਣਾਵਾਂ। ਕਿਹੋ ਜਿਹਾ ਸਰੀਰ ਬਣਾਵਾਂ ? ਆਪ ਰੱਬ ਗੁਰੂ ਨਾਨਕ ਬਣ ਗਿਆ। *ਗੁਰੂ ਨਾਨਕ ਅਰਬਾਂ ਖਰਬਾਂ ਸਾਲਾਂ ਤੋਂ ਪਹਿਲਾਂ ਦਾ ਹੈ, ਕਹਿ ਲਓ, ਜਦੋਂ ਰੱਬ ਸੀ ਉਦੋਂ ਗੁਰੂ ਨਾਨਕ ਵੀ ਸੀ। ਜਦੋਂ ਸਮਾਂ ਹੀ ਹੋਂਦ ਵਿਚ ਨਹੀਂ ਸੀ ਆਇਆ, ਓਦੋਂ ਵੀ ਗੁਰੂ ਨਾਨਕ ਸੀ। ਗੁਰੂ ਨਾਨਕ ਆਦਿ ਜੁਗਾਦਿ ਹੈ। ਅਰਬਾਂ ਖਰਬਾਂ ਦੀ ਤਾਂ ਬਾਬਾ ਗੱਲ ਕਰਦਾ ਹੈ, ਬਾਬੇ ਨੂੰ ਕਿਵੇਂ ਪਤਾ ਹੈ ਕਿ ਅਰਬਾਂ ਖਰਬਾਂ ਸਾਲ ਪਹਿਲਾਂ ਹਨੇਰਾ ਹੀ ਹਨੇਰਾ ਸੀ, ਧਰਤੀ ਹੀ ਨਹੀਂ ਸੀ, ਸੂਰਜ ਨਹੀਂ ਸੀ, ਚੰਦਰਮਾ ਨਹੀਂ ਸੀ ਭਾਵ ਸਾਰੀ ਦਿੱਸਦੀ ਕੁਦਰਤਿ ਹੀ ਨਹੀਂ ਸੀ ਪਰ ਬਾਬਾ ਨਾਨਕ ਸੀ, ਇਹ ਗੱਲ ਧੁਰਿ ਕੀ ਬਾਣੀ ਤੋਂ ਤੇ ਸਚਖੰਡਿ ਤੋਂ ਪਤਾ ਲੱਗਦੀ ਹੈ।*

ਬਾਬਾ ਨਾਨਕ ਰੱਬੀ ਜੋਤਿ ਦਾ ਸੂਖਸ਼ਮ ਸਰੀਰ ਰੱਬ ਹੀ ਸੀ, ਪੰਜ ਭੂਤਕ ਨਹੀਂ ਸੀ। ਬਾਬੇ ਤੇ ਰੱਬ ਵਿਚ ਨਾ ਹੀ ਕੋਈ ਫ਼ਰਕ ਸੀ, ਨਾ ਹੀ ਹੈ, ਨਾ ਹੀ ਹੋਏਗਾ। ਕੁਦਰਤਿ ਬਣਾਉਣ ਤੋਂ ਪਹਿਲਾਂ ਬਾਬੇ ਨੇ ਸਚਖੰਡਿ ਬਣਾਇਆ, ਸਭ ਤੋਂ ਉੱਚਾ, ਤਾਰਿਆਂ ਤੋਂ ਵੀ ਉੱਚਾ, ਦੁਗਣਾ ਤਿਗਣਾ ਤਾਰਿਆਂ ਤੋਂ ਵੀ ਉੱਚਾ। **"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥" ਤੈਨੂੰ ਅਕਾਲ ਪੁਰਖ ਸਿਰਜਨਹਾਰ ਬਾਬੇ ਨਾਨਕ ਨੇ ਬਣਾਇਆ ਹੈ। ਅਪਹੁੰਚ, ਅਗੋਚਰ, ਅਗਾਧਿ ਬੋਧਿ, ਅਦ੍ਰਿਸ਼ਟ, ਅਲੱਖ, ਨਿਰੰਕਾਰ, ਨਿਰੰਜਨ, ਕੋਈ ਵੀ ਨਹੀਂ ਪਹੁੰਚ ਸਕਦਾ। ਗੱਲ ਖ਼ਤਮ।**

ਉਥੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਅਰਬਾਂ ਖਰਬਾਂ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਆਦਿ ਹਨ, ਇਥੋਂ ਹੀ ਪਤਾ ਲੱਗਦਾ

ਹੈ। ਆਪਣੇ ਆਪ ਇਕ ਰਸ, ਲਗਾਤਾਰ, ਬਗ਼ੈਰ ਕਿਸੇ ਦੇ ਬੋਲਣ ਤੇ ਸਚਖੰਡਿ ਵਿਚ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਹੋਈ ਜਾ ਰਿਹਾ ਹੈ ਅਰਬਾਂ ਖਰਬਾਂ ਸਾਲ ਪਹਿਲਾਂ ਤੋਂ, ਜਦੋਂ ਸਮਾਂ ਹੀ ਨਹੀਂ ਸੀ ਬਣਿਆ। ਜਦੋਂ ਜੁਗ ਹੋਂਦ ਵਿਚ ਹੀ ਨਹੀਂ ਸਨ ਆਏ। ਜਦੋਂ ਮਨੁੱਖ ਤਾਂ ਕੀ, ਕੁਦਰਤਿ ਹੀ ਨਹੀਂ ਸੀ ਬਣੀ। ਪੰਜ ਭੂਤ ਹੀ ਨਹੀਂ ਸਨ—ਹਵਾ, ਪਾਣੀ, ਅੱਗ, ਧਰਤੀ, ਆਕਾਸ਼ ਹੀ ਨਹੀਂ ਸੀ, ਮਨੁੱਖ ਕਿਥੋਂ ਆਉਣਾ ਸੀ ? ਅੱਜ ਵੀ ਵਾਹਿਗੁਰੂ ਵਾਹਿਗੁਰੂ ਸਿਮਰਨ ਹੋ ਰਿਹਾ ਹੈ, ਕੱਲ ਤੇ ਅੱਗੇ ਸਮੇਂ ਵਿਚ ਵੀ ਜਦੋਂ ਤਕ ਰੱਬ ਹੈ, ਵਾਹਿਗੁਰੂ ਸਿਮਰਨ ਹੀ ਹੁੰਦਾ ਰਹੇਗਾ।

ਹੁਣ ਬਾਬੇ ਨਾਨਕ ਨੇ, ਕਿ ਰੱਬ ਨੇ, ਕੁਦਰਤਿ ਬਣਾਈ, ਪੰਜ ਭੂਤ ਬਣਾਏ, ਕੁਦਰਤਿ ਵਿਚ ਆਪ ਬੈਠਾ ਹੀ ਹੈ, ਬੈਠਾ ਰਹੇਗਾ ਤਮਾਸ਼ਾ ਦੇਖਣ ਲਈ। ਦੁਨੀਆਂ ਉਸ ਨੇ ਇਕ ਤਮਾਸ਼ਾ, ਮੇਲਾ, ਖੇਡ, ਪਾਖੰਡ ਹੀ ਰਚਿਆ ਹੈ, ਸੁਪਨੇ ਦੀ ਨਿਆਈਂ।

ਹੁਣ ਉਸ ਨੇ, ਬਾਬੇ ਨੇ ਧਰਮਰਾਜ ਬਣਾਇਆ, ਉਸ ਦੀ ਕਚਹਿਰੀ ਬਣਾਈ, ਅਰਬਾਂ ਜਮਦੂਤ ਬਣਾਏ, ਉਥੇ ਸਜ਼ਾਵਾਂ ਬਣਾਈਆਂ। ਸਜ਼ਾਵਾਂ ਯਾਦ ਰੱਖਣੀਆਂ ਤੇ ਦੱਸਣਾ, ਰੱਬ ਚੰਗਾ ਹੈ ਕਿ ਨਹੀਂ ? ਮਨੁੱਖ ਬਣਾਉਣ ਤੋਂ ਪਹਿਲਾਂ ਧਰਮਰਾਜ ਬਣਾਇਆ ਤੇ ਜਮਦੂਤ ਬਣਾਏ ਹਨ। ਸਜ਼ਾਵਾਂ ਬਣਾਈਆਂ ਹਨ।

ਗੱਲ ਸਮਝਣ ਦੀ ਸਿਰਫ਼ ਇਹੀ ਹੈ ਕਿ ਤੁਸੀਂ-ਮੈਂ ਕੌਣ ਹਾਂ ? ਮਨੁੱਖ ਕੌਣ ਹੈ ? ਸਰੀਰ ਕੌਣ ਹੈ ?

ਰੱਬ ਨੇ ਪਰਮ-ਆਤਮਾ ਤੋਂ ਇਕ ਛੋਟੀ ਜਿਹੀ ਆਤਮਾ ਬਣਾ ਲਈ, ਉਸ ਦਾ, ਰੱਬੀ ਜੋਤਿ ਦਾ ਸਰੀਰ ਬਣਾਇਆ, ਕਈ ਸਰੀਰ ਬਣਾਏ, ਹਜ਼ਾਰਾਂ ਲੱਖਾਂ ਕਰੋੜਾਂ ਸਰੀਰ ਬਣਾਏ। ਸਾਰਿਆਂ ਨੂੰ ਸਚਖੰਡਿ ਬਹਿ ਕੇ ਸਮਝਾਇਆ—ਤੁਸੀਂ ਥੱਲੇ ਧਰਤੀ ਤੇ ਪੰਜ ਭੂਤਕ ਦੇ ਬਣੇ ਸਰੀਰ ਵਿਚ ਜਾਓਗੇ, ਜੋ "ਹਾਡ ਮਾਸ ਨਾੜੀ ਕੋ ਪਿੰਜਰੁ" ਹੈ। ਤੁਹਾਡੇ ਜਾਣ ਨਾਲ ਉਸ ਵਿਚ ਜਾਨ ਪੈ ਜਾਏਗੀ। ਤੁਸੀਂ ਉਥੇ ਤਕਰੀਬਨ ਸੌ ਸਾਲ ਰਹੋਗੇ ਤੇ ਮੇਰੇ ਕੋਲ ਵਾਪਿਸ ਆਓਗੇ, ਉਥੇ ਮੇਰਾ ਵਾਹਿਗੁਰੂ ਨਾਮ ਜਪਣਾ ਹੈ, ਬਾਣੀ ਵੀਚਾਰਨੀ ਹੈ, ਸੰਗਤਿ ਕਰਨੀ ਹੈ, ਦੈਵੀ ਗੁਣ ਧਾਰਨ ਕਰਨੇ ਹਨ, ਮੇਰਾ ਪੁੱਤਰ ਬਣ ਕੇ ਰਹਿਣਾ ਹੈ, ਸਾਰੀ ਦੁਨੀਆਂ ਹੀ ਮੇਰੀ ਹੈ, ਮੈਂ ਬਣਾਈ ਹੈ, ਉਸ ਦੀ ਸੇਵਾ ਕਰਨੀ ਹੈ, ਸਰਬੱਤ ਦਾ ਭਲਾ ਮੰਗਣਾ ਹੈ। "To serve the Humanaties is the basic principle of Guru Nanak." ਨਿਮਰਤਾ ਧਾਰਨ ਕਰਨੀ ਹੈ, ਚਰਨ-ਧੂੜ ਲੈਣੀ ਹੈ ਸੰਗਤਿ ਦੀ, ਜੂਠੇ ਭਾਂਡੇ ਮਾਂਜਣੇ ਹਨ ਸੰਗਤਿ ਦੇ, ਮੇਰੇ ਅਸਥਾਨ ਤੇ ਝਾੜੂ ਪੋਚਾ ਵੀ ਕਰਨਾ ਹੈ, ਸੰਗਤਿ ਦੇ ਚਰਨ ਧੋਣੇ ਹਨ, ਵਾਹਿਗੁਰੂ ਸਿਮਰਨ ਵਿਚ ਸੁਰਤਿ ਲਾਉਣੀ ਹੈ, ਜੀਂਦੇ ਜੀਅ ਮੇਰੇ ਤਕ ਸਚਖੰਡਿ ਪਹੁੰਚ ਜਾਏਂਗਾ। ਮਰਨ ਤੋਂ ਬਾਦ ਮੇਰੇ ਕੋਲ ਹੀ ਆਉਣਾ ਹੈ। ਸਾਰਿਆਂ ਨੂੰ ਮੇਰੇ ਬਾਰੇ ਦੱਸਣਾ ਹੈ, ਸਚਖੰਡਿ ਦੀ ਸੋਝੀ ਦੇਣੀ ਹੈ। ਸਿਮਰਨ ਵਿਚ ਸੁਰਤਿ ਲਾਉਣ ਦੀ ਗੱਲ

ਸਾਰਿਆਂ ਨੂੰ ਸਮਝਾਉਣੀ ਹੈ। ਠੀਕ ਹੈ। ਮੱਥਾ ਟੇਕੋ ਤੇ ਇਕ ਗੱਲ ਬਹੁਤ ਧਿਆਨ ਨਾਲ ਸਮਝੋ—ਇਹ ਜੋ ਪੰਜ ਭੂਤਕ ਸਰੀਰ ਹੈ, ਜਿਸ ਵਿਚ ਤੂੰ ਜਾ ਰਿਹਾ ਹੈਂ, ਬਹੁਤ ਗੰਦਾ ਹੈ, ਕਾਮ ਤੋਂ ਬਣਿਆ ਹੈ, ਕਾਮ ਦਾ ਭਰਿਆ ਹੋਇਆ, ਮਾਇਆ ਦਾ ਪੁਤਲਾ ਹੈ, ਅਕਲ ਦਾ ਅੰਨ੍ਹਾ ਹੈ, ਮੂਰਖ ਹੈ, ਬੇ-ਸਮਝ ਹੈ, ਮੇਰੇ ਬਾਰੇ ਕੋਈ ਸੋਝੀ ਨਹੀਂ, ਨਾਸਤਿਕ ਹੈ, ਕਾਮਰੇਡ ਹੈ। ਯਾਦ ਰੱਖੀਂ, ਈਰਖਾ ਦੀ ਅੱਗ ਨਾਲ ਸੜਿਆ ਪਿਆ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ ਭਰਿਆ ਪਿਆ ਹੈ। ਨਿੰਦਾ-ਚੁਗ਼ਲੀ ਦਾ ਬਹੁਤ ਸ਼ੌਕੀਨ ਹੈ, ਬਿਮਾਰੀ ਦਾ ਘਰ ਹੈ, ਦੁਖ-ਸੁਖ ਦਾ ਦਰਵਾਜ਼ਾ ਹੈ, ਤੇਰ-ਮੇਰ ਦਾ ਭਰਿਆ ਹੋਇਆ ਹੈ, ਜੋ ਜਹਾਨ ਦਾ ਗੰਦ ਹੈ, ਗੰਦੀ ਗੱਲ ਹੈ, ਗੰਦੀ ਚੀਜ਼ ਹੈ, ਮੈਂ ਇਸ ਵਿਚ ਭਰ ਦਿੱਤੀ ਹੈ, ਕਲਯੁਗੀ ਸੁਭਾਵ ਦਾ ਸਰੀਰ ਹੈ, ਇਸ ਤੋਂ ਬੱਚ ਕੇ ਰਹੀਂ। ਇਹੀ ਮੇਰੀ ਖੇਡ ਹੈ, ਬੱਚ ਕੇ ਆ ਗਿਆ, ਸਾਰੀ ਸ੍ਰਿਸ਼ਟੀ ਦਾ ਰਾਜ ਦਿਆਂਗਾ, ਆਪਣੇ ਤਖ਼ਤ ਤੇ ਬਿਠਾਵਾਂਗਾ, ਸਿਰੋਪਾ ਦਿਆਂਗਾ, ਇੱਜ਼ਤ ਦਿਆਂਗਾ। ਇਹ ਪੰਜ ਭੂਤਕ ਸਰੀਰ, ਔਰਤ ਦਾ ਬਹੁਤ ਸ਼ੌਕੀਨ ਹੈ, ਖਾਣ ਪੀਣ ਦਾ ਬਹੁਤ ਸ਼ੌਕੀਨ ਹੈ, ਸੋਹਣਾ ਰਹਿਣ ਦਾ ਬਹੁਤ ਸ਼ੌਕੀਨ ਹੈ। ਰੋਮਾਂ ਦੀ, ਵਾਲਾਂ ਦੀ, ਕੇਸਾਂ ਦੀ ਕਟਿੰਗ ਕਰਨ ਦਾ ਬਹੁਤ ਸ਼ੌਕੀਨ ਹੈ। ਮੈਂ ਸੋਹਣਾ ਲੱਗਾਂ, ਜੁਆਨ ਲੱਗਾਂ, ਨਸ਼ੇ ਕਰਨ ਦਾ ਬਹੁਤ ਸ਼ੌਕੀਨ ਹੈ। ਬਰਬਾਦ ਹੋ ਜਾਏਗਾ ਪਰ ਨਸ਼ਾ ਨਹੀਂ ਛੱਡੇਗਾ। ਮਾਇਆ ਦਾ ਬਹੁਤ ਭੁੱਖਾ ਹੈ। ਦੇਸ਼ ਵੇਚ ਦੇਵੇਗਾ, ਵਹੁਟੀ, ਭੈਣ, ਕੁੜੀ ਵੇਚ ਸਕਦਾ ਹੈ, ਆਪਣੇ ਆਪ ਨੂੰ ਵੇਚ ਸਕਦਾ ਹੈ ਮਾਇਆ ਪਿੱਛੇ। ਸਭ ਤੋਂ ਜ਼ਿਆਦਾ ਮਾਇਆ ਦਾ ਭੁੱਖਾ ਹੈ, ਮਾਇਆ ਦਾ ਹੀ ਪੁਤਲਾ ਹੈ। ਪਰ ਤੂੰ ਖ਼ਿਆਲ ਰੱਖੀਂ, ਸਰੀਰ ਦੇ ਆਖੇ ਨਾ ਲੱਗੀਂ ਤੇ ਇਸਦੇ ਦੱਸੇ ਕੰਮ ਨਾ ਕਰੀਂ। ਉਹੀ ਕਰੀਂ ਜੋ ਤੈਨੂੰ ਸਮਝਾਇਆ ਹੈ। ਸਿਮਰਨ ਕਰ ਕੇ ਮੇਰੇ ਨਾਲ ਜੁੜਿਆ ਰਹੀਂ, ਮੈਨੂੰ ਨਾ ਭੁੱਲੀਂ। ਜਾਓ, ਵਾਹਿਗੁਰੂ ਨਾਮ ਜਪੋ ਜੋ ਸਚਖੰਡਿ ਜਪਿਆ ਜਾ ਰਿਹਾ ਹੈ। ਜੀਵ, ਆਤਮਾ, ਰੱਬੀ ਜੋਤਿ ਦਾ ਸਰੀਰ, ਸੂਖਸ਼ਮ ਸਰੀਰ, ਪੰਜ ਭੂਤਕ ਸਰੀਰ ਵਿਚ ਆ ਗਿਆ। ਹੁਣ ਦੱਸੋ, ਤੁਹਾਡਾ ਮੇਰਾ ਇਥੇ ਕੀ ਹੈ ? ਨਾ ਜੋਤ ਤੁਹਾਡੀ ਹੈ, ਨਾ ਸਰੀਰ ਸਾਡਾ ਹੈ। ਸਭ ਵਾਹਿਗੁਰੂ ਦੀ ਖੇਡ ਹੈ, ਉਸ ਨੂੰ ਸਮਝਣਾ ਹੈ। ਰੱਬ ਨੇ ਰੱਬ ਨੂੰ ਸਮਝਣਾ ਹੈ, ਤੁਸੀਂ-ਮੈਂ ਕੌਣ ਹਾਂ ? ਫਿਰ ਸੋਚ, ਤੂੰ ਕੌਣ ਹੈਂ ? ਤੇਰੀ ਮੇਰੀ ਅਸਲੀਅਤ ਕੀ ਹੈ ? ਕੱਚੀ ਚੀਜ਼ ਨੂੰ, ਜਿਸ ਨੇ ਮਰ ਜਾਣਾ ਹੈ, ਰੱਬ, ਝੂਠੀ, ਕੂੜ ਆਖਦਾ ਹੈ। ਉਸ ਨੂੰ ਤਾਂ ਮੰਨਦਾ ਹੀ ਨਹੀਂ, ਉਸਦੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ, ਨਾ ਹੀ ਕਰਦਾ ਹੈ। ਸਾਰੀ ਕੁਦਰਤਿ ਨੂੰ, ਬੰਦੇ ਨੂੰ, ਦਿੱਸਦੀ ਹਰ ਚੀਜ਼ ਨੂੰ, ਝੂਠ ਤੇ ਨਾਸਵੰਤ ਆਖਦਾ ਹੈ। ਸੂਖਸ਼ਮ ਨੂੰ, ਅਦ੍ਰਿਸ਼ਟ ਨੂੰ ਜਿਵੇਂ ਆਤਮਾ, ਜੀਵ, ਨਾਮ, ਰੱਬ, ਗੁਰੂ, ਸੰਗਤਿ, ਸਚਖੰਡਿ ਨੂੰ ਸਿਰਫ਼ ਸੱਚ ਆਖਦਾ ਹੈ, ਬਾਕੀ ਸਭ ਝੂਠ। ਦਿੱਸਦੀ ਕਿਸੇ ਚੀਜ਼ ਨਾਲ, ਸੰਸਾਰ ਨਾਲ, ਕੁਦਰਤਿ ਨਾਲ ਦੋਸਤੀ ਨਾ ਲਾ, ਮੋਹ ਨਾ

ਧਾ, ਉਪਦੇਸ਼ ਦਿੰਦਾ ਹੈ। ਮਾਂ, ਪਿਓ, ਭੈਣ, ਭਰਾ, ਵਹੁਟੀ, ਪੁੱਤਰ, ਧੀਆਂ, ਇਹ ਸਾਰੇ ਸਰੀਰ ਤੇ ਇਹਨਾਂ ਦਾ ਮੋਹ ਤੈਨੂੰ ਫਸਾਉਣ ਲਈ ਹੈ ਕਿ ਤੂੰ ਕੁਰਹਿਤ ਕਰੇਂ ਤੇ ਰੱਬ ਨੂੰ ਭੁੱਲ ਜਾਏਂ। ਇਹਨਾਂ ਲਈ ਮਾਇਆ ਕਮਾਏਂ, ਠੱਗੀ ਮਾਰੇਂ ਤੇ ਰੱਬ ਨੂੰ ਭੁੱਲ ਜਾਏਂ। ਦਿੱਸਦੇ ਸਾਰੇ ਸੰਸਾਰ ਵਿਚੋਂ ਜਿਹੜਾ ਸਚਖੰਡਿ ਦਾ ਰਾਹ ਦਿਖਾਏ, ਤੇਰਾ ਦੋਸਤ ਹੈ। ਰੱਬ ਦਾ ਵਾਹਿਗੁਰੂ ਨਾਮ ਜਪਾਏ, ਤੇਰਾ ਦੋਸਤ ਹੈ। ਅੰਮ੍ਰਿਤ ਛਕਣ ਲਈ ਪ੍ਰੇਰੇ, ਤੇਰਾ ਹਮਦਰਦ ਹੈ। ਸੰਗਤਿ ਵਿਚ ਲਿਜਾਏ, ਤੇਰਾ ਸੱਜਣ ਹੈ। ਬਾਣੀ ਸਮਝਾਏ ਤੇਰਾ ਹਿਤੂ ਹੈ। ਅਗਲੀ ਗੱਲ ਸਮਝਾਏ, ਤੇਰਾ ਅਸਲ ਆਪਣਾ ਮਿੱਤਰ ਹੈ। ਰਹਿਤ-ਕੁਰਹਿਤ ਦੀ ਗੱਲ ਸਮਝਾਏ, ਤੇਰਾ ਅਸਲ ਯਾਰ ਹੈ। **ਹਰ ਦਿੱਸਦੀ ਚੀਜ਼ ਤੈਨੂੰ ਫਸਾਉਣ ਲਈ, ਤੇਰੀ ਦੁਸ਼ਮਨ ਹੈ, ਇਸ ਨਾਲ ਮੋਹ ਨਹੀਂ ਪਾਉਣਾ। ਤੂੰ ਅਦ੍ਰਿਸ਼ਟ ਹੈਂ, ਸੂਖਸ਼ਮ ਹੈਂ, ਰੱਬੀ ਜੋਤਿ ਹੈਂ। ਸੰਸਾਰ ਦਾ ਮੋਹ ਛੱਡ, ਪਰਿਵਾਰ ਦਾ ਮੋਹ ਛੱਡ, ਆਪਣੇ ਆਪ ਦਾ ਮੋਹ ਛੱਡ ਕੇ ਨਿਰਮੋਹ ਹੋ ਜਾ, ਤਾਂ ਅਸਲੀਅਤ ਸਮਝ ਆਉਂਦੀ ਹੈ ਕਿ ਮੈਂ ਪ੍ਰਕਾਸ਼ ਹਾਂ।**

ਸਰੀਰ ਨੇ ਤੈਨੂੰ ਫਸਾਉਣਾ ਹੀ ਫਸਾਉਣਾ ਹੈ। ਬਸ! ਇਹੀ ਰੱਬੀ ਖੇਡ ਹੈ। ਤੂੰ ਆਤਮਾ, ਇਸ ਦੀ ਮਾਂ ਹੈਂ, ਇਹ ਤੇਰਾ ਬੱਚਾ ਹੈ ਸਰੀਰ। ਸਰੀਰ ਤੇਰੇ ਹੁਕਮ ਵਿਚ ਰਹਿਣਾ ਚਾਹੀਦਾ ਹੈ, ਤੂੰ ਇਸ ਦੇ ਹੁਕਮ ਵਿਚ ਨਹੀਂ ਰਹਿਣਾ। ਜੇ ਤੂੰ ਕੋਈ ਵੀ ਕੁਰਹਿਤ ਕਰ ਗਿਆ ਤਾਂ ਸਮਝੋ ਮਾਂ ਪੁੱਤਰ ਕੋਲੋਂ ਹਾਰ ਗਈ। ਜੇ ਤੂੰ ਕੋਈ ਵੀ ਕੁਰਹਿਤ ਨਾ ਕੀਤੀ ਤੇ ਸਿਮਰਨ ਵਿਚ ਸੁਰਤਿ ਲਾਈ ਰੱਖੀ ਤਾਂ ਸਮਝੋ, ਮਾਂ ਪੁੱਤਰ ਤੋਂ ਜਿੱਤ ਗਈ ਹੈ। ਇਹੀ ਖੇਡ ਹੈ। **ਛੇ ਅਰਬ ਦੁਨੀਆਂ ਹੈ (6,00,00,00,000), ਹੁਣ ਦੇਖ, ਕੋਈ ਐਸਾ ਮਨੁੱਖ ਜਿਸ ਨੂੰ ਮਾਇਆ ਨਾਲ ਪਿਆਰ ਨਾ ਹੋਵੇ, ਮੋਹ ਹੀ ਨਾ ਹੋਵੇ, ਖਿੱਚ ਹੀ ਨਾ ਹੋਵੇ, ਔਰਤ ਦਾ ਭੁੱਖਾ ਨਾ ਹੋਵੇ, ਕਾਮ ਦਾ ਅਟੈਕ ਹੀ ਨਾ ਹੁੰਦਾ ਹੋਵੇ, ਅੰਦਰ ਕਾਮ ਦੀ ਖਿੱਚ ਹੀ ਨਾ ਪੈਂਦੀ ਹੋਵੇ, ਸੋਹਣੀ ਤੋਂ ਸੋਹਣੀ ਕੁੜੀ ਵਿਚ ਖਿੱਚ ਹੀ ਨਾ ਪਵੇ, ਖਾਣ ਪੀਣ ਦਾ ਸ਼ੌਕੀਨ ਹੀ ਨਾ ਹੋਵੇ, ਕਦੀ ਨਸ਼ਾ ਹੀ ਨਾ ਕੀਤਾ ਹੋਵੇ, ਕਦੀ ਸਿਗਰਟ ਸ਼ਰਾਬ ਪੀਤੀ ਹੀ ਨਾ ਹੋਵੇ, ਸੋਹਣਾ ਰਹਿਣ ਦਾ ਸ਼ੌਕੀਨ ਨਾ ਹੋਵੇ, ਸਾਬਤ ਸੂਰਤਿ ਹੋਵੇ, ਕਦੀ ਰੋਮਾਂ ਦੀ, ਵਾਲਾਂ ਦੀ, ਕੇਸਾਂ ਦੀ ਕਟਿੰਗ ਹੀ ਨਾ ਕੀਤੀ ਹੋਵੇ, ਜਦੋਂ ਦਾ ਜੰਮਿਆ ਹੈ, ਇਹਨਾਂ ਵਿਚੋਂ ਕੋਈ ਕੁਰਹਿਤ ਨਾ ਕੀਤੀ ਹੋਵੇ। ਵਿਖਾਓ ? ਤੂੰ ਰੱਬ ਹੈਂ, ਗੁਰੂ ਨਾਨਕ ਦਸਮੇਸ਼ ਪਿਤਾ ਦਾ ਪੁੱਤਰ ਹੈਂ, ਕੁਰਹਿਤ ਨਹੀਂ ਕਰਨੀ, ਕੁਰਹਿਤ ਨਹੀਂ ਕਰਨੀ, ਕੁਰਹਿਤ ਨਹੀਂ ਕਰਨੀ, ਜੇ ਕੁਰਹਿਤ ਹੋ ਗਈ।** ਕੁੜੀਆਂ, ਬੀਬੀਆਂ, ਬੁੱਢੀਆਂ ਸਿਰ ਨੰਗਾ ਰੱਖਦੀਆਂ ਹਨ, ਚੁੰਨੀ ਸਿਰ ਤੇ ਨਹੀਂ ਲੈਂਦੀਆਂ, ਅੱਜ ਦੇ ਯੁਗ ਵਿਚ ਮਾਮੂਲੀ ਗੱਲ ਹੈ। ਰੱਬ ਕੀ ਕਰਦਾ ਹੈ—ਧਰਮਰਾਜ ਨੂੰ, ਜਮਦੂਤ ਨੂੰ ਸਭ ਸਮਝਾਇਆ ਹੋਇਆ ਹੈ, ਉਸ ਨੇ ਸੌ ਸਾਲ ਨੰਗੀ ਰੱਖਣੀ ਹੈ, ਅਲਫ਼ ਨੰਗੀ। ਇਕੋ ਗੱਲ ਕਹਿਣੀ ਹੈ, ਤੂੰ ਮੈਨੂੰ ਨੰਗਾ ਰੱਖਿਆ ਸੀ, ਮੈਂ

ਤੈਨੂੰ ਨੰਗਾ ਰੱਖਣਾ ਹੈ, ਅਲਫ਼ ਨੰਗੀ। ਉਲਟੀ ਟੰਗ ਦੇਂਦਾ ਹੈ, ਝਾਟਾ ਪੁੱਟ ਕੇ ਹੱਥ ਵਿਚ ਫੜਾ ਦਿੰਦਾ ਹੈ, ਨੰਗੀ ਦੇ ਕੰਨ ਫੜਾ ਦਿੰਦਾ ਹੈ, ਮੁਰਗਾ ਬਣਾ ਦਿੰਦਾ, ਲਿਹਾਜ਼ ਨਾਂ ਦੀ ਚੀਜ਼ ਹੀ ਕੋਈ ਨਹੀਂ। ਰੱਬ ਚੰਗਾ ਹੈ ? ਜਦੋਂ ਵੀ ਕੋਈ ਤਕਲੀਫ਼ ਆਉਂਦੀ ਹੈ, ਰੱਬ ਹੀ ਦੇਂਦਾ ਹੈ, ਇਕ ਤਾਂ ਅੰਦਰ ਆਪ ਹੀ ਹੈ, ਬਾਹਰ ਵੀ ਆਪ ਹੀ ਹੈ, ਸਚਖੰਡਿ ਬੈਠਾ ਸਭ ਨੂੰ ਹਰ ਵੇਲੇ ਦੇਖਦਾ ਰਹਿੰਦਾ ਹੈ। ਸਿਰ ਪੀੜ ਵੀ ਰੱਬ ਹੀ ਲਾਉਂਦਾ ਹੈ। ਰੱਬ ਹੁੰਦਿਆਂ ਤੁਸੀਂ ਕੋਈ ਕੰਮ ਰੱਬ ਦੇ ਉਲਟ ਕੀਤਾ ਹੈ, ਰੱਬ ਨੇ ਤੁਹਾਡੀ ਹੱਡੀ ਪਸਲੀ ਤੋੜ ਦੇਣੀ ਹੈ। ਵਹੁਟੀ ਨਾਲ ਲੜਾਈ, ਬੱਚਿਆਂ ਨਾਲ ਲੜਾਈ ਝਗੜਾ ਤਾਂ ਮਾਮੂਲੀ ਗੱਲ ਹੈ। ਘਰ ਵਿਚ ਕਲੇਸ਼ ਰੱਖਣਾ, ਇਹ ਜਮਦੂਤ ਦਾ ਨਿੱਤ ਦਾ ਕੰਮ ਹੈ। ਗੁਆਂਢੀਆਂ ਨਾਲ ਲੜਾਈ, ਝਗੜਾ, ਮਾਰ ਕੁਟਾਈ, ਕਤਲ ਵੀ ਰੱਬ, ਰੱਬ ਦਾ ਕਰਵਾ ਦੇਂਦਾ ਹੈ। ਆਪਾਂ ਕੌਣ ਹਾਂ ? **ਅਸੀਂ ਮਾਤਾ ਪਿਤਾ ਹਾਂ, ਪੁੱਤਰ ਕੋਈ ਗ਼ਲਤੀ ਕਰੇ ਤਾਂ ਅਸੀਂ ਮੁਆਫ਼ ਕਰ ਦਿੰਦੇ ਹਾਂ, ਪਰ ਰੱਬ ਇਸ ਤਰ੍ਹਾਂ ਨਹੀਂ ਕਰਦਾ, ਕੀਤੇ ਗ਼ਲਤ ਕਰਮ ਦੀ ਸਜ਼ਾ ਜ਼ਰੂਰ ਦੇਂਦਾ ਹੈ। ਆਪਣੇ ਆਪ ਨੂੰ ਮੁਆਫ਼ ਨਹੀਂ ਕਰਦਾ। ਆਪਣੇ ਪੁੱਤਰਾਂ ਨੂੰ ਨਹੀਂ ਬਖ਼ਸ਼ਦਾ। ਵਾਹਿਗੁਰੂ ਆਪਣੇ ਅਸੂਲਾਂ ਤੇ ਦ੍ਰਿੜ੍ਹ ਖੜਾ ਹੈ। ਤੂੰ ਸਰੀਰ ਨਹੀਂ, ਸਰੀਰ ਦੇ ਕਹਿਣ ਤੇ ਕੋਈ ਗ਼ਲਤ ਕੰਮ ਨਾ ਕਰੀਂ, ਨਹੀਂ ਤਾਂ ?**

ਮਨਮੁਖਾਂ ਦੀ ਗੱਲ ਬਾਅਦ ਵਿਚ ਕਰਾਂਗੇ। ਉਹ ਗੁਰਸਿੱਖਾਂ ਨੂੰ ਨਹੀਂ ਛੱਡਦਾ, ਲਿਹਾਜ਼ ਨਾਂ ਦਾ ਲਫ਼ਜ਼ ਉਸਦੀ ਡਿਕਸ਼ਨਰੀ ਵਿਚ ਹੀ ਨਹੀਂ ਹੈ। ਤੁਸੀਂ ਗ਼ਲਤੀ ਕੀਤੀ, ਕਰਮ ਲਿਖੇ ਜਾਣੇ ਹਨ, ਸਜ਼ਾ ਦੇ ਕੇ ਬਰਾਬਰ ਕਰ ਦੇਂਦਾ ਹੈ।

ਭਾਈ ਬਹਾਦੁਰ ਸਿੰਘ ਜੀ ਰਾਗੀ ਬਾਹਰ ਕੀਰਤਨ ਕਰਨ ਗਏ। ਵਾਪਿਸ ਆ ਰਹੇ ਸਨ, ਉਹਨਾਂ ਦੀ ਕੈਬਿਨ ਵਿਚ ਕੋਈ ਬਹੁਤ ਸੋਹਣਾ ਅਟੈਚੀ Airtight ਰੱਖ ਗਿਆ ਤੇ ਆਪ ਨਾ ਆਇਆ, ਜਹਾਜ਼ ਚਲ ਪਿਆ ਪਰ ਉਹ ਨਾ ਆਇਆ, ਇਹਨਾਂ ਅਟੈਚੀ ਆਪਣੇ ਸਾਮਾਨ ਨਾਲ ਮਿਲਾ ਲਿਆ। ਬੰਬੇ ਆ ਗਏ, ਸਮਾਨ ਚੈੱਕ ਹੋ ਗਿਆ। ਰੱਬ ਸੱਚ ਬੋਲ ਦੇਂਦਾ ਕਿ ਅਟੈਚੀ ਮੇਰਾ ਨਹੀਂ, ਕੋਈ ਰੱਖ ਗਿਆ ਹੈ, ਗੱਲ ਖ਼ਤਮ ਸੀ। ਪਰ ਲਾਲਚੀ ਸਰੀਰ ਨੇ ਰੱਬ ਨੂੰ ਫਸਾਇਆ ਹੋਇਆ ਸੀ, ਕਹਿੰਦਾ—ਜੀ ਚਾਬੀ ਗੁੰਮ ਹੋ ਗਈ ਹੈ, ਅਟੈਚੀ ਮੇਰਾ ਹੀ ਹੈ। ਕਸਟਮ ਵਾਲਿਆਂ ਕਿਹਾ—ਜਿੰਦਰਾ ਤੋੜ ਦਿੰਦੇ ਹਾਂ, ਅਟੈਚੀ ਜ਼ਰੂਰ ਚੈੱਕ ਕਰਨਾ ਹੈ—ਮੁਆਫ਼ ਕਰੋ ਜੀ, ਤੋੜੋ ਨਾਂਹ। ਉਹਨਾਂ ਨੂੰ ਹੋਰ ਸ਼ੱਕ ਪੈ ਗਿਆ, ਉਹਨਾਂ ਜਿੰਦਰਾ ਤੋੜ ਦਿੱਤਾ, ਵਿਚੋਂ ਲਾਸ਼ ਦੇ ਚਾਰ ਟੁਕੜੇ ਮਿਲੇ। ਉਸੇ ਵੇਲੇ ਉਹਨਾਂ ਫੜ ਲਿਆ—ਸੱਚ ਦੱਸੋ, ਇਹ ਅਟੈਚੀ ਕਿਸ ਦਾ ਹੈ ? ਉਹ ਚੀਨ ਦਾ ਮਨਿਸਟਰ ਸੀ, ਇੰਗਲੈਂਡ ਉਸ ਦਾ ਕਤਲ ਹੋਇਆ ਸੀ। ਅਟੈਚੀ ਭਾਈ

ਬਹਾਦੁਰ ਸਿੰਘ ਜੀ ਬੰਬਈ ਲੈ ਆਏ, ਇਥੇ ਆ ਕੇ ਸੰਤ ਬਹਾਦੁਰ ਸਿੰਘ ਬਣ ਗਏ।

ਅੱਤਵਾਦੀਆਂ ਦਾ ਸਮਾਂ ਸੀ। ਅਚਾਨਕ ਸ਼ੱਕ ਪੈ ਗਿਆ ਕਿ ਸੰਤਾਂ ਕੋਲ ਅੱਤਵਾਦੀ ਆਏ ਹਨ। ਪੁਲੀਸ ਨੇ ਸਾਰਾ ਡੇਰਾ ਘੇਰ ਲਿਆ। ਚੁੱਪ-ਚਪੀਤੇ ਰਾਤ ਨੂੰ ਅੰਦਰ ਜਾ ਵੜੇ, ਸੰਤਾਂ ਕੋਲ, ਬਾਬਾ ਜੀ ਕੋਲ ਅੱਤਵਾਦੀ ਤਾਂ ਨਾ ਨਿਕਲੇ, ਤਿੰਨ ਕੁੜੀਆਂ ਨਾਲ ਨੰਗੀਆਂ ਸੁੱਤੀਆਂ ਫੜੀਆਂ ਗਈਆਂ। ਸੰਤ ਬਾਬਾ ਜੀ, ਕੀ ਰੱਬ ਨਹੀਂ ਸਨ ?

ਅਸੀਂ ਜਸਪਾਲ ਸਿੰਘ ਦਿੱਲੀ ਗੁਰਦੁਆਰੇ ਦੇ ਸੈਕਟਰੀ ਕੋਲ ਬੈਠੇ ਸੀ। ਬਾਬਾ ਹਰਬੰਸ ਸਿੰਘ ਜੀ ਨੇ ਗੁਰਦੁਆਰਾ ਬੰਗਲਾ ਸਾਹਿਬ ਦਾ ਹਾਲ ਵੱਡਾ ਕਰਨਾ ਸੀ। ਸਾਰਾ ਸਾਮਾਨ ਥੱਲਿਓਂ ਖ਼ਾਲੀ ਹੋ ਰਿਹਾ ਸੀ। ਭਾਈਆਂ ਦੀ ਰਿਹਾਇਸ਼ ਸੀ। ਬੋਰੀ ਅਧੀਏ ਤੇ ਪਊਏ ਖ਼ਾਲੀ ਸ਼ਰਾਬ ਦੇ ਨਿਕਲੇ। ਕੌਣ ਪੀਂਦਾ ਸੀ ? ਰੱਬ ! ਤੁਹਾਡੀ-ਮੇਰੀ ਹੋਂਦ ਕੀ ਹੈ ? ਸਰੀਰ ਤਾਂ ਇਕ ਇਮਤਿਹਾਨ ਹੈ, ਰੱਬ ਦਾ ਛੋਟੇ ਪੁੱਤਰ ਨੂੰ ਪਾਇਆ ਹੋਇਆ ਹੈ। ਉਥੇ ਹੀ ਇਕ ਸੇਵਾਦਾਰ ਆ ਗਿਆ, ਓਏ ! ਤੂੰ ਸ਼ਰਾਬ ਪੀਂਦਾ ਹੈਂ ? ਬਿਲਕੁਲ ਨਹੀਂ, ਮੈਂ ਜਦੋਂ ਪੀਂਦਾ ਹਾਂ, ਡਿਊਟੀ ਤੋਂ ਬਾਦ ਪੀਂਦਾ ਹਾਂ। ਰੱਬ ਦੇ ਘਰ ਡਿਊਟੀ ਕਰਦਾ ਹੈ, ਸ਼ਰਾਬ ਕੌਣ ਪੀਂਦਾ ਹੈ ? ਰੱਬ ਹਟਾਵੇ ਆਪਣੇ ਪੁੱਤਰ ਨੂੰ। ਬਾਦਲ ਵਰਗੇ ਪੰਥਕ ਗੱਦਾਰ ਬੰਦੇ ਵੀ ਇਥੇ ਧਰਤੀ ਤੇ ਹੀ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਸ਼ਰਾਬ ਦੇ ਠੇਕੇ ਲੈ ਦਿੱਤੇ, ਪੀਓ ਤੇ ਜੀਓ, ਆਪ ਸਾਰਾ ਪੰਜਾਬ ਖਾ ਗਿਆ, ਅਜੇ ਨਹੀਂ ਰੱਜਿਆ। ਸੁਰਿੰਦਰ ਕੌਰ ਸਾਰਿਆਂ ਨੂੰ ਖਾ ਗਈ। ਕੌਣ ਖਾ ਗਿਆ ? ਬਾਦਲ ਕੌਣ ਹੈ ? ਮੈਂਬਰ ਕੌਣ ਹਨ ? ਸੁਰਿੰਦਰ ਕੌਰ ਕੌਣ ਹੈ ? ਹੁਣ ਦੇਖਣਾ ਹੈ, ਰੱਬ ਇਹਨਾਂ ਨੂੰ ਕੀ ਕਰਦਾ ਹੈ ? ਤੁਸੀਂ, ਅਸੀਂ ਸੋਚ ਵੀ ਨਹੀਂ ਸਕਦੇ ਕਿ ਰੱਬ ਕੀ ਕਰੇਗਾ ? ਮੈਂ ਪੂਰੀਆਂ ਸਜ਼ਾਵਾਂ ਲਿਖ ਵੀ ਨਹੀਂ ਸਕਦਾ। ਰੱਬ ਆਖਦਾ ਹੈ, ਜਾਣਾ ਕਿਥੇ ਹੈ ? ਆਉਣਾ ਤਾਂ ਮੇਰੇ ਕੋਲ ਹੀ ਹੈ, ਪੁੱਤਰ ਤਾਂ ਮੇਰੇ ਹੀ ਹਨ। ਅਸੀਂ ਸਿਰਫ਼ ਜੰਮਣ ਤੋਂ ਮੌਤ ਤਕ ਸੀਮਤ ਹਾਂ, ਰੱਬ ਨਹੀਂ, ਉਹ ਮੌਤ ਤੋਂ ਬਾਦ ਸ਼ੁਰੂ ਹੁੰਦਾ ਹੈ। ਆ ਗਿਆ ਨਾਸਤਿਕ ਕਪੁੱਤਰ। ਧਰਮਰਾਜ ਜ਼ਰਾ ਠੀਕ ਕਰੀਂ, ਧਰਤੀ ਤੇ ਜਾ ਕੇ ਭੁੱਲ ਗਿਆ ਸੀ। ਉਹ ਫਿਰ ਕੀ ਕਰਦਾ ਹੈ, ਆਓ ਦੇਖੀਏ। ਅੰਮ੍ਰਿਤਸਰ ਦੇ ਭਾਈ ਤਕਰੀਬਨ ੯੯% ਸ਼ਰਾਬ ਪੀਂਦੇ ਹਨ, ਭਾਈ ਕੌਣ ਹਨ ? ਰੱਬ ਪੀਣੀ ਚਾਹੁੰਦਾ ਹੈ ਪਰ ਅੱਗੇ ਲਿਹਾਜ਼ ਨਹੀਂ ਕਰਦਾ। ਸਾਡੀ ਹੋਂਦ ਕੋਈ ਨਹੀਂ, ਸਿਰਫ਼ ਹਉਮੈ ਸਾਡੀ ਹੋਂਦ ਹੈ। ਰੱਬ ਰੱਬ ਤੋਂ ਬਦਲਾ ਲੈਂਦਾ ਹੈ। ਬਦਲਾ ਐਸਾ ਲੈਂਦਾ ਹੈ ਕਿ ਕਰੋੜਾਂ ਸਾਲਾਂ ਵਿਚ ਵੀ ਉਸ ਦੀ ਸਜ਼ਾ ਦੱਸੀ ਨਹੀਂ ਜਾ ਸਕਦੀ। ਰੱਬ ਦੇ ਦਿਲ ਪਰਚਾਵੇ ਦੀ ਖੇਡ ਹੈ, ਦੁਨੀਆਂ। ਤੂੰ-ਮੈਂ ਕੌਣ ਹਾਂ ? ਜੁਆਬ ਦੇ ਦੇਹ। ਮਰ ਕੇ ਜਾਂ ਤਾਂ ਆਪਣੇ ਘਰ ਆ ਜਾਈਏ, ਜਾਂਦੇ ਰੱਬ ਦੇ

ਘਰ ਹਾਂ। ਉਥੋਂ ਹੀ ਆਏ ਹਾਂ, ਉਥੇ ਹੀ ਜਾਣਾ ਹੈ। ਸਰੀਰ ਇਥੇ ਹੀ ਜੰਮਿਆ, ਇਥੇ ਹੀ ਮਰ ਗਿਆ। ਕੌਣ ਕਿਸ ਦਾ ਹੈ ? ਦੱਸੋ, ਅਸੀਂ ਐਵੇਂ ਆਪਣਾ ਸਮਾਂ ਖ਼ਰਾਬ ਕਰ ਰਹੇ ਹਾਂ, ਸਿਰਫ਼ ਨਾਮ ਜਪਣਾ ਚਾਹੀਦਾ ਹੈ।

ਰੱਬ ਨੂੰ ਭੁਲਾਉਣ ਵਿਚ ਭਾਵੇਂ ਟੀ.ਵੀ. ਦਾ ਬਹੁਤ ਰੋਲ ਹੈ, ਸਾਡੀ ਪੜ੍ਹਾਈ ਵੀ ਠੀਕ ਨਹੀਂ ਪੜ੍ਹਾਈ ਜਾਂਦੀ। ਸਾਰੀ ਦੁਨੀਆਂ ਹੀ ਸਰੀਰ ਤਕ ਸੀਮਤ ਹੈ। ਆਪਾਂ ਸਿਰਫ਼ ਆਪਣੀ ਹੀ ਗੱਲ ਕਰੀਏ। ਜੱਟਾਂ ਦੇ ਮੁੰਡਿਆਂ ਨੇ ਤੇ ਭਾਪਿਆਂ ਦੀਆਂ ਕੁੜੀਆਂ ਨੇ ਕੁਰਹਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਸਭ ਤੋਂ ਅੱਗੇ ਲੰਘ ਗਏ। ਇਧਰੋਂ ਜੱਟੀ ਤੇ ਆਪ ਭਾਪੇ ਬਹੁਤ ਘੱਟ ਬਿਊਟੀ ਪਾਰਲਰ ਜਾਂਦੇ ਹਨ ਭਾਵ ਘੱਟ ਕੁਰਹਿਤ ਕਰਦੇ ਹਨ। ਜੱਟੀਆਂ ਸਾਬਤ ਸੂਰਤਿ ਰਹਿਣ ਦੇ ਹੱਕ ਵਿਚ ਹਨ। ਪਿੰਡਾਂ ਵਿਚ ਦੇਖੋ, ਕਾਫ਼ੀ ਅੰਮ੍ਰਿਤਧਾਰੀ ਬਣੀ ਜਾ ਰਹੀਆਂ ਹਨ, ਉਹਨਾਂ ਨੂੰ ਪਿਆਰ ਵੀ ਹੈ। ਜੇ ਠੀਕ ਪ੍ਰਚਾਰ ਕਰੀਏ ਤਾਂ ਪਿੰਡਾਂ ਦੇ ਪਿੰਡ ਅੰਮ੍ਰਿਤਧਾਰੀ ਹੋ ਜਾਣ ਪਰ ਭਾਪਣਾਂ ਨਹੀਂ ਹੋਣਗੀਆਂ। ਸ਼ਹਿਰਾਂ ਵਿਚ ਕਿਸੇ ਪ੍ਰਚਾਰਕ ਦਾ ਬਹੁਤ ਅਸਰ ਨਹੀਂ ਹੈ। ਸ਼ਹਿਰੀ ਸਿਆਣਾ ਕਾਂ ਹੈ, ਆਪਣੀ ਹਉਮੈ ਤੇ ਸਿਆਣਪ ਅੱਗੇ ਰੱਖਦਾ ਹੈ। ਕੁੜੀਆਂ ਤਾਂ ਗੁਰਦੁਆਰੇ ਆਉਂਦੀਆਂ ਹੀ ਨਹੀਂ। ਜੇ ਆਉਂਦੀਆਂ ਹਨ ਤੇ ਮਾਡਲ ਗਰਲ ਦੀ ਤਰ੍ਹਾਂ ਮੱਥਾ ਟੇਕਿਆ, ਚੱਕਰ ਮਾਰਿਆ, ਆਪਣਾ ਪ੍ਰਦਰਸ਼ਨ ਕੀਤਾ ਤੇ ਵਾਪਿਸ। ਦੱਸੋ, ਪ੍ਰਾਪਤੀ ਕੀ ਹੋਈ ? ਇਹ ਕੋਈ ਨਹੀਂ ਜਾਣਦਾ। ਜਦੋਂ ਵੀ ਆਪਾਂ ਗੁਰਦੁਆਰੇ ਜਾਂਦੇ ਹਾਂ, ਪ੍ਰਾਪਤੀ ਕੀ ਹੋਈ, ਕੀ ਮਿਲਿਆ ? ਕੋਈ ਵੀ ਇਸ ਗੱਲ ਨੂੰ ਸਮਝਦਾ ਹੀ ਨਹੀਂ ਤੇ ਨਾ ਹੀ ਸਮਝਾਇਆ ਜਾਂਦਾ ਹੈ। ਜਿੰਨਾ ਚਿਰ ਗੁਰਦੁਆਰੇ ਜਾ ਕੇ ਅੰਮ੍ਰਿਤ ਛਕਣ ਦੀ ਪ੍ਰੇਰਨਾ ਨਹੀਂ ਮਿਲਦੀ, ਤੁਹਾਡਾ ਗੁਰਦੁਆਰੇ ਗਿਆ ਬੇਫ਼ਾਇਦਾ ਹੈ, ਕੋਈ ਲਾਭ ਨਹੀਂ ਹੋਣਾ, ਤੁਸੀਂ ਨਰਕਾਂ ਤੋਂ ਬਚ ਨਹੀਂ ਸਕਣਾ। ਜੇ ਅੰਮ੍ਰਿਤ ਛਕ ਕੇ ਵਾਹਿਗੁਰੂ ਸਿਮਰਨ ਵਿਚ ਸੁਰਤਿ ਲਾਉਣ ਦੀ ਗੱਲ ਸਮਝ ਨਹੀਂ ਆਈ ਤਾਂ ਵੀ ਸਮਝੋ ਕੋਈ ਪ੍ਰਾਪਤੀ ਨਹੀਂ ਹੋਈ, ਐਵੇਂ ਝੱਖ ਹੀ ਮਾਰੀ ਜਾ ਰਹੇ ਹੋ। ਅਸਲ ਖੇਡ ਕੀ ਹੈ ? ਤੁਹਾਡੇ ਕੋਲ ਸੁਆਸਾਂ ਦੀ ਪੂੰਜੀ ਹੈ, ਅੰਮ੍ਰਿਤ ਛਕ ਕੇ ਹਰ ਸੁਆਸ ਨਾਲ ਵਾਹਿਗੁਰੂ ਬੋਲਣਾ ਹੈ। ਇਹ ਧਨ ਜਮ੍ਹਾ ਕਰਨਾ ਹੈ ਜੋ ਅੱਗੇ ਨਾਲ ਜਾਣਾ ਹੈ, ਹੋਰ ਕੁਛ ਵੀ ਨਾਲ ਨਹੀਂ ਜਾਣਾ। ਗੁਰਦੁਆਰਿਆਂ ਵਿਚ ਇਹ ਸੁਰਤਿ ਦਾ ਮਾਰਗ ਹੈ ਹੀ ਨਹੀਂ। ਅਗਲੀ ਸੱਚੀ ਸਦੀਵੀ ਦੁਨੀਆਂ ਸਚਖੰਡਿ ਤੇ ਨਰਕਾਂ ਨੂੰ ਕੋਈ ਮੰਨਦਾ ਹੀ ਨਹੀਂ। ਨਾ ਰਾਗੀ, ਨਾ ਪ੍ਰਚਾਰਕ, ਨਾ ਭਾਈ, ਨਾ ਸੇਵਾਦਾਰ, ਨਾ ਪ੍ਰਧਾਨ, ਨਾ ਸੈਕਟਰੀ। ਸਹੀ ਪ੍ਰਚਾਰ ਕਿਵੇਂ ਹੋਵੇ ? ਇਸੇ ਕਰਕੇ ਕੋਈ ਅੰਮ੍ਰਿਤ ਨਹੀਂ ਛਕਦਾ। ਅੰਮ੍ਰਿਤ ਛਕਣਾ ਖੇਡ ਅੱਗੇ ਦੀ ਹੈ। ਤੂੰ ਅੰਮ੍ਰਿਤ ਛਕ ਕੇ ਰਹਿਤ ਵਿਚ ਪ੍ਰਪੱਕ ਰਹੀਂ, ਕੁਰਹਿਤ ਸੁਪਨੇ ਵਿਚ ਵੀ ਨਾ ਕਰੀਂ। ਸੁਆਸ ਸੁਆਸ ਵਾਹਿਗੁਰੂ ਵਾਹਿਗੁਰੂ ਬੋਲੀਂ, ਸਚਖੰਡਿ

ਜਾਏਂਗਾ। ਤੈਨੂੰ ਮਰਨ ਤੋਂ ਬਾਦ ਗੁਰੂ ਪਾਤਿਸ਼ਾਹ ਲੈਣ ਆਉਣਗੇ ਕਿਉਂਕਿ ਤੂੰ ਉਹਨਾਂ ਦਾ ਪੁੱਤਰ ਹੈਂ। ਬਾਕੀ ਸਾਰਿਆਂ ਨੂੰ ਜਮਦੂਤ ਲੈਣ ਆਉਂਦਾ ਹੈ ਕਿਉਂਕਿ ਉਹ ਹਰਾਮਦਾ ਹੈ। ਬਾਣੀ ਆਖਦੀ ਹੈ। ਤੂੰ ਵਾਹਿਗੁਰੂ ਦਸਵੇਂ ਪਾਤਿਸ਼ਾਹ ਦਾ ਪੁੱਤਰ ਨਹੀਂ, ਪੁੱਤਰ ਕਿਸ ਦਾ ਹੈਂ ? ਹਰਾਮਦਾ ਹੈਂ, ਪਿਓ ਦਾ ਨਾਂ ਹੀ ਨਹੀਂ। ਹੁਣ ਗੱਲ ਸਰੀਰ ਦੀ ਨਹੀਂ ਹੋ ਰਹੀ। ਅੰਦਰਲੇ ਸੂਖਸ਼ਮ ਸਰੀਰ, ਰੱਬੀ ਜੋਤਿ ਦੇ ਸਰੀਰ ਦੀ ਗੱਲ ਹੋ ਰਹੀ ਹੈ। ਮਾਂ ਪਿਓ ਸਭ ਝੂਠੇ ਹਨ। ਝੂਠੇ ਦੀ ਤਾਂ ਰੱਬ ਗੱਲ ਹੀ ਨਹੀਂ ਕਰਦਾ, ਨਾ ਹੀ ਕੀਤੀ ਹੈ। ਹਾਂ, ਝੂਠ ਦੇ ਮੋਹ ਤੋਂ ਬਚਣ ਲਈ ਉਪਦੇਸ਼ ਜ਼ਰੂਰ ਕੀਤਾ ਹੈ। ਖੇਡ ਔਖੀ ਜ਼ਰੂਰ ਹੈ। ਦਿੱਸਦੇ ਸੰਸਾਰ ਨਾਲ ਪਿਆਰ ਨਾ ਕਰ ਤੇ ਜੋ ਦਿੱਸਦਾ ਹੀ ਨਹੀਂ, ਉਸ ਦੀ ਗੱਲ ਸਮਝਣ ਨੂੰ ਚਾਰ-ਪੰਜ ਸਾਲ ਲੱਗ ਜਾਂਦੇ ਹਨ। ਉਹਨਾਂ ਚਾਰ ਪੰਜ ਸਾਲਾਂ ਵਿਚ ਤਾਂ ਸਾਰੀਆਂ ਕੁਰਹਿਤਾਂ ਹੋ ਜਾਂਦੀਆਂ ਹਨ, ਜਾਂ ਸਰੀਰ ਕਰ ਜਾਂਦਾ ਹੈ।

ਯਾਦ ਰੱਖੋ—ਸਰੀਰ ਦਾ ਕੰਮ ਹੈ ਰੱਬ ਨੂੰ ਡੋਬਣਾ—ਨਰਕਾਂ ਵਿਚ ਭੇਜਣਾ ਹੀ ਭੇਜਣਾ ਹੈ। ਹੁਣ ਰੱਬ-ਜੀਵ ਦਾ ਕੰਮ ਹੈ ਬਚਣਾ ਹੀ ਬਚਣਾ ਹੈ ਪਰ ਗੁਰੂ ਨਾਨਕ ਤੋਂ ਬਗ਼ੈਰ ਕੋਈ ਬਚਾ ਹੀ ਨਹੀਂ ਸਕਦਾ। ਉਸ ਨੂੰ ਅੰਮ੍ਰਿਤ ਛਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗਣਾ ਹੀ ਪੈਣਾ ਹੈ। ਕੁਰਹਿਤ ਤੋਂ ਬਚ ਕੇ ਰਹਿਣਾ ਤੇ ਰਹਿਤ ਵਿਚ ਪ੍ਰਪੱਕ ਰਹਿਣਾ ਹੈ। ਰਹਿਤ ਵਿਚ ਪ੍ਰਪੱਕ ਤਾਂ ਹੀ ਰਹਿ ਸਕੇਂਗਾ ਜੇ ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ ਕਰੇਂਗਾ। ਅਗਰ ਕੋਈ ਅੰਮ੍ਰਿਤ ਛਕਣ ਤੋਂ ਬਗ਼ੈਰ, ਸਿਮਰਨ ਕਰਨ ਤੋਂ ਬਗ਼ੈਰ ਰੱਬ ਨੂੰ ਜਾਣਦਾ ਹੈ, ਅਗਲੀ ਦੁਨੀਆਂ ਨੂੰ ਜਾਣਦਾ, ਸਚਖੰਡਿ ਨੂੰ ਜਾਣਦਾ ਹੈ, ਨਰਕਾਂ ਨੂੰ ਜਾਣਦਾ ਹੈ, ਮੈਨੂੰ ਜ਼ਰੂਰ ਮਿਲਾਉਣਾ, ਖੋਜ ਵਿਚ ਵਾਧਾ ਹੋ ਜਾਏਗਾ।

ਰੱਬ ਦੇ ਦੋ ਪੱਖ ਹਨ—ਇਕ ਚੰਗਾ ਤੇ ਇਕ ਭੈੜਾ। ਚੰਗੇ ਦਾ ਮੈਂ ਇਸ ਵਿਚ ਜ਼ਿਕਰ ਨਹੀਂ ਕਰ ਰਿਹਾ। ਉਹ ਮਿਹਰਬਾਨ ਹੈ, ਦਿਆਲੂ ਹੈ, ਕਿਰਪਾਲੂ ਹੈ, ਰਹਿਮ-ਦਿਲ ਹੈ, ਬਖ਼ਸ਼ਿੰਦ ਹੈ, ਸਭ ਕੁਛ ਹੈ, ਚੰਗੇ ਸੁਭਾਅ ਦਾ ਹੈ। ਯਾਦ ਰੱਖੀਂ, ਸਿਰਫ ਆਪਣੇ ਪੁੱਤਰ ਤੇ ਵਹੁਟੀ ਲਈ ਹੈ। ਤੂੰ ਉਸ ਦਾ ਪੁੱਤਰ ਹੈਂ ਕਿ ਵਹੁਟੀ ? ਬਾਕੀ ਸਾਰਿਆਂ ਨੂੰ ਤਾਂ ਗਾਲ੍ਹਾਂ ਕੱਢਦਾ ਹੈ। ਜੇ ਰੱਬ ਗਾਲ੍ਹਾਂ ਹੀ ਕੱਢਦਾ ਹੈ ਤਾਂ ਚੰਗਾ ਹੋਇਆ ? ਕੰਜਰੀ ਦੇ ਪੁੱਤ ਹਰਾਮਦਿਆ ਤੋਂ ਘੱਟ ਬੋਲਦਾ ਹੀ ਨਹੀਂ, ਕੀ ਉਹ ਚੰਗਾ ਹੈ ? ਤੇਰੇ ਲਈ ਕੋਈ ਚੰਗਾ ਨਹੀਂ, ਜੇ ਤੂੰ ਅੰਮ੍ਰਿਤ ਛਕ ਕੇ ਉਸ ਦਾ ਪੁੱਤਰ ਨਹੀਂ ਬਣਿਆ। ਰਹਿਤ ਵਿਚ ਪ੍ਰਪੱਕ ਨਹੀਂ ਰਿਹਾ, ਕੁਰਹਿਤ ਨਹੀਂ ਛੱਡੀ। ਯਾਦ ਰੱਖੀਂ।

ਸੁਪਨੇ ਦੀ ਨਿਆਈਂ ਜ਼ਿੰਦਗੀ ਬਿਤਾ ਕੇ, ਨੰਗਾ ਸਿਰ ਰੱਖ ਕੇ, ਜਿਥੇ ਰੱਬ ਆਪ ਵੱਸਦਾ ਸੀ, ਅੰਮ੍ਰਿਤ ਛਕਣ ਤੋਂ ਬਗ਼ੈਰ ਹੀ, ਬਿਊਟੀ ਪਾਰਲਰ ਤੋਂ ਸੋਹਣੀ ਬਣ ਕੇ, ਬੀਬੀ ਸਰੀਰ ਛੱਡ ਗਈ ਤੇ ਸੂਖਸ਼ਮ ਸਰੀਰ, ਰੱਬੀ ਜੋਤਿ ਦੇ

ਸਰੀਰ ਨੂੰ ਜਮਦੂਤਾਂ ਨੇ ਵਿਚੋਂ ਕੱਢ ਲਿਆ, ਦਸਮ ਦੁਆਰ ਵਿਚੋਂ, ਪੰਜ ਭੂਤਕ ਸਰੀਰ, ਮਿੱਟੀ ਸੀ, ਮਿੱਟੀ ਹੋ ਗਿਆ, ਉਸ ਦੀ ਖੇਡ ਮੁੱਕ ਗਈ। ਬੀਬੀ ਇਥੇ ਨੰਗੀ ਕਰ ਲਈ ਗਈ, ਕੱਪੜੇ ਸਾਰੇ ਉਤਾਰ ਦਿੱਤੇ ਜਮਦੂਤ ਨੇ। **ਇਹ ਇਕ ਉਦਾਹਰਣ ਹੈ, ਇਹੋ ਜਿਹੀਆਂ ਲੱਖਾਂ ਸਜ਼ਾਵਾਂ ਹਨ।** ਮੂੰਹ ਕਾਲਾ ਕਰ ਦੇਣਾ ਹੈ। ਗਾਲ੍ਹ ਉਹ ਕੱਢਦਾ ਹੈ ਜੋ ਧਰਤੀ ਤੇ ਕੱਢੀ ਹੀ ਨਹੀਂ ਜਾਂਦੀ। ਤੇਰੀ ਮਾਂ ਤੇਰੀ ਭੈਣ ਨੂੰ ਤੋਂ ਘੱਟ ਜਮਦੂਤ ਨੂੰ ਬੋਲਣਾ ਹੀ ਨਹੀਂ ਆਉਂਦਾ। ਰੱਬ ਦਾ ਨਰਕ ਵਾਲਾ ਪੱਖ ਤਾਂ ਬਹੁਤ ਬਹੁਤ ਬਹੁਤ ਹੀ ਗੰਦਾ ਹੈ। ਕੇਸਾਂ ਤੋਂ ਫੜ ਕੇ, ਛਾਤੀ ਤੋਂ ਫੜ ਕੇ ਘਸੀਟਦਿਆਂ ਲੈ ਜਾਣਾ ਹੈ ਅੱਗੇ ਧਰਮਰਾਜ ਕੋਲ। ਧਰਮਰਾਜ ਕਹਿੰਦਾ ਹੈ—ਠੀਕ ਹੈ, ਇਹੀ ਬੀਬੀ ਹੈ, ਲੈ ਜਾਓ ਤੇ ਇਕ ਲੱਖ ਸਾਲ ਦਾ ਰੀਮਾਂਡ ਲੈ ਲਓ। ਅਜੇ ਨਰਕਾਂ ਵਿਚ ਨਹੀਂ ਪਾਉਣਾ। ਅਜੇ ਤਾਂ ਪੁਲੀਸ ਦੀ ਤਰ੍ਹਾਂ ਰੀਮਾਂਡ ਹੈ। ਹਾਂ ਬੀਬੀ, ਪਹਿਲਾ ਸੁਆਲ ਜਮਦੂਤ ਦਾ—ਥੱਲੇ ਧਰਤੀ ਤੇ ਕੀ ਕਰਨ ਗਈ ਸੀ ? ਹੁਣ ਬੀਬੀ ਸਰੀਰ ਨਹੀਂ, ਰੱਬ ਹੈ। ਰੱਬੀ ਜੋਤਿ ਦਾ ਸਰੀਰ ਹੈ। ਹੁਣ ਕੋਈ ਜੁਆਬ ਨਹੀਂ ਆਉਂਦਾ। ਭੁੱਲ ਗਈ ਬਿਊਟੀ ਪਾਰਲਰ। ਸੋਚਦੀ ਹੈ, ਇਹ ਕੀ ਹੋਇਆ ? ਇਸ ਸੂਖਸ਼ਮ ਸਰੀਰ ਦਾ ਤਾਂ ਮੈਨੂੰ ਪਤਾ ਹੀ ਨਹੀਂ ਸੀ, ਕੋਈ ਗਿਆਨ ਹੀ ਨਹੀਂ ਸੀ। ਉਥੇ ਇਕ ਗੰਦਾ ਖੂਹ ਹੈ—ਵਿਸ਼ਟਾ, ਗੰਦ-ਮੰਦ, ਵੀਰਜ, Menses ਦਾ ਭਰਿਆ, ਇਸ ਤੋਂ ਵੀ ਗੰਦਾ ਖੂਹ। ਪੁੱਠੀ ਲਟਕਾ ਕੇ ਇਕ ਗੋਤਾ ਦੇ ਦੇਣਾ, ਫਿਰ ਪੁੱਛਣਾ ਹੈ—ਬੀਬੀ, ਕੀ ਹਾਲ ਚਾਲ ਹੈ ? ਤੇਰੀ ਲਿਪਸਟਿਕ ਅਜੇ ਲੱਥੀ ਨਹੀਂ, ਇਕ ਗੋਤਾ ਹੋਰ ਦੇ ਦੇਣਾ, ਫਿਰ ਪੁੱਛੇਗਾ—ਤੇਰੀ ਲਿਪਸਟਿਕ ਲਹਿ ਗਈ। ਲਾਲੀ ਅਜੇ ਗੱਲ੍ਹਾਂ ਤੇ ਲੱਗੀ ਹੋਈ ਹੈ, ਇਕ ਗੋਤਾ ਹੋਰ ਦੇ ਦੇਣਾ ਹੈ। ਬੀਬੀ ਦਾ ਕੀ ਹਾਲ ਹੈ, ਬੀਬੀ ਕਿਵੇਂ ਰੋਂਦੀ ਹੈ ? ਕਿਵੇਂ ਕੁਰਲਾਂਦੀ ਹੈ ? ਅੰਦਾਜ਼ਾ ਲਾਓ। ਸਰੀਰ ਮਰ ਚੁੱਕਾ ਹੈ, ਆਤਮਾ ਨੇ ਹੁਣ ਕਦੀ ਵੀ ਨਹੀਂ ਮਰਨਾ। ਇਹ ਸਿਸਟਮ ਚਲਦਾ ਰਹਿੰਦਾ ਹੈ। ਫਿਰ ਬਾਹਰ ਕੱਢਦਾ ਹੈ। ਬੀਬੀ ਨੂੰ ਕੋਡਾ ਕਰਾ ਲੈਂਦਾ ਹੈ। ਡਾਂਗ ਪਿੱਛੋਂ ਦੀ ਪਾ ਕੇ ਮੂਹ ਥਾਈਂ ਕੱਢ ਦੇਂਦਾ ਹੈ, ਅੱਗੋਂ ਪਿੱਛੋਂ ਡਾਂਗ ਬੰਨ੍ਹ ਦੇਂਦਾ ਹੈ, ਕਿੰਨੇ ਸਾਲ ਬੀਬੀ ਕੋਡੀ ਰਹੇਗੀ ਇਸ ਦਿਸ਼ਾ ਵਿਚ, ਤੂੰ ਜਾ ਕੇ ਪੁੱਛ ਕੇ ਆ। ਗੱਲ ਗੰਦੀ ਜ਼ਰੂਰ ਹੈ, ਮੈਨੂੰ ਲਿਖਣ ਤੇ ਸ਼ਰਮ ਆ ਰਹੀ ਹੈ, ਪੜ੍ਹਨ ਵਾਲੇ ਨੂੰ ਵੀ ਸ਼ਰਮ ਮਹਿਸੂਸ ਹੋਏਗੀ, ਪਰ ਗੱਲ ਸ਼ਰਮ ਦੀ ਨਹੀਂ, ਸੱਚ ਦੀ ਹੈ। ਜਿਹੜੀ ਗੱਲ ਸੋਚਣ ਵਾਲੀ ਹੈ ਉਹ ਇਹ ਹੈ: ਰੱਬ ਨੂੰ ਇਹ ਸਜ਼ਾਵਾਂ ਬਣਾਉਣ ਲੱਗਿਆਂ ਸ਼ਰਮ ਨਾ ਆਈ ?

ਰੱਬ ਪ੍ਰਕਾਸ਼ ਹੈ, ਨੂਰ ਹੈ, ਜੋਤਿ ਹੈ, ਪਰਮ-ਆਤਮਾ ਹੈ। ਰੱਬ, ਗੁਰੂ ਨਾਨਕ ਬਣ ਗਿਆ। ਰੱਬ ਗੁਰੂ ਨਾਨਕ ਨੇ ਆਪਣੇ ਲਈ ਤੇ ਆਪਣੇ ਪੁੱਤਰਾਂ ਲਈ, ਵਹੁਟੀ ਲਈ ਸਚਖੰਡਿ ਬਣਾ ਲਿਆ। ਬੈਠਾ ਵਾਹਿਗੁਰੂ ਵਾਹਿਗੁਰੂ ਕਰੀ ਜਾ ਰਿਹਾ

ਹੈ। ਬਹੁਤ ਆਨੰਦ-ਪ੍ਰਸੰਨ ਬੈਠਾ ਹੈ। ਗੱਲ ਇਹ ਹੈ, ਧਰਮਰਾਜ ਕਿਸ ਨੇ ਬਣਾਇਆ ? ਬਾਬੇ ਨੇ। ਜਮਦੂਤ ਕਿਸ ਨੇ ਬਣਾਏ ? ਬਾਬੇ ਨਾਨਕ ਨੇ। ਇਹ ਗੰਦੀਆਂ ਸਜ਼ਾਵਾਂ ਕਿਸ ਨੇ ਬਣਾਈਆਂ ? ਬਾਬੇ ਨਾਨਕ ਨੇ। ਫਿਰ ਚੰਗਾ ਕਿਵੇਂ ਹੋਇਆ ? ਆਪਣੇ ਪੁੱਤਰ ਨੂੰ ਹੀ ਇੰਨੀਆਂ ਗੰਦੀਆਂ ਤੇ ਲੰਬੀਆਂ ਸਜ਼ਾਵਾਂ ਦਿੰਦਾ ਹੈ, ਲਿਹਾਜ਼ ਕਿਉਂ ਨਹੀਂ ਕਰਦਾ। ਮੁਆਫ਼ੀ ਨਾਂ ਦਾ ਅੱਖਰ ਹੀ ਕੋਈ ਨਹੀਂ ਜਮਦੂਤ ਕੋਲ। ਅਜੇ ਇਕ ਸਜ਼ਾ ਹੀ ਲਿਖੀ ਹੈ, ਮੇਰਾ ਮਨ ਹੈ ਮੈਂ 8/10 ਸਜ਼ਾਵਾਂ ਲਿਖਾਂ ਤੇ ਤੁਹਾਨੂੰ ਪੁੱਛਾਂ, ਰੱਬ ਕਿਵੇਂ ਚੰਗਾ ਹੈ ? ਮੈਨੂੰ ਤਾਂ 1% ਵੀ ਚੰਗਾ ਨਜ਼ਰ ਨਹੀਂ ਆਇਆ। ਮਨਮੁਖਾਂ ਲਈ, ਸਾਕਤਾਂ ਲਈ, ਕਾਮਰੇਡਾਂ ਲਈ, ਮਾਇਆਧਾਰੀਆਂ ਲਈ, ਕੁਰਹਿਤੀਆਂ ਲਈ, ਬਿਊਟੀ ਪਾਰਲਰ ਜਾਣ ਵਾਲੀਆਂ ਲਈ, ਜਿਨ੍ਹਾਂ ਅੰਮ੍ਰਿਤ ਨਹੀਂ ਛਕਿਆ, ਵਾਹਿਗੁਰੂ ਨਾਮ ਨਹੀਂ ਜਪਿਆ, ਸਰੀਰ ਤੋਂ ਬੱਚ ਹੀ ਨਹੀਂ ਸਕੇ। ਤੁਸੀਂ ਦਿਖਾ ਦਿਓ ਉਸਦਾ ਚੰਗਾ-ਪਨ।

ਆਪਾਂ ਬਾਬੇ ਨਾਨਕ ਦੀ ਫੋਟੋ ਬਣਾਉਣ ਲੱਗਿਆਂ, ਸਿਰ ਤੇ ਮਾਲਾ, ਗਲ ਵਿਚ 2/4 ਮਾਲਾਂ, ਹੱਥ ਵਿਚ ਮਾਲਾ, ਅੱਖਾਂ ਮੁੰਦਰੀਆਂ ਹੋਈਆਂ, ਜਿਵੇਂ ਬਾਬਾ ਕੁਛ ਜਾਣਦਾ ਹੀ ਨਹੀਂ। ਸਾਰੀ ਦੁਨੀਆਂ ਬਣਾਉਣ ਵਾਲਾ ਤੇ ਸਾਰੀ ਦੁਨੀਆਂ ਦਾ ਰਟਨ ਲਾਉਣ ਵਾਲਾ, ਨਰਕਾਂ ਬਣਾਉਣ ਵਾਲਾ ਤੇ ਸਜ਼ਾਵਾਂ ਦੇਣ ਵਾਲਾ ਬਾਬਾ ਨਾਨਕ ਪੱਖਪਾਤੀ ਹੈ, ਨਿਰਪੱਖ ਨਹੀਂ ਹੈ ਤੇ ਚੰਗਾ ਨਹੀਂ ਹੈ। ਉਸ ਦਾ ਸੁਭਾਵ ਬੜਾ ਜ਼ਾਲਮ ਵੀ ਹੈ। ਠੀਕ ਹੈ, ਉਹ ਆਪ ਬਾਬਾ ਨਾਨਕ ਨਹੀਂ, ਪਰ ਉਸ ਦਾ ਨੌਕਰ ਸਜ਼ਾਵਾਂ ਦੇ ਰਿਹਾ ਹੈ। ਸਜ਼ਾਵਾਂ ਦੇਣ ਨੂੰ ਕਿਸ ਨੇ ਕਿਹਾ ਹੈ ? ਬਾਬੇ ਨੇ। ਫਿਰ ਤੇਰੇ ਲਈ ਚੰਗਾ ਕਿਵੇਂ ਹੋਇਆ ? ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦ੍ਵੈਖ, ਤੇਰ-ਮੇਰ, ਵਿਤਕਰਾ-ਸ਼ਰੀਕਾ ਨਿੰਦਾ-ਚੁਗਲੀ, ਦੁਖ-ਸੁਖ, ਬਿਮਾਰੀ-ਚਿੰਤਾ-ਫ਼ਿਕਰ, ਲੜਾਈ-ਝਗੜੇ, ਸਮਗਲਿੰਗ, ਬਲੈਕੀਏ, ਕਤਲ, ਪਾਪ, ਅਫ਼ੀਮ, ਸਮੈਕ, ਭੁਕੀ, ਸ਼ਰਾਬ ਕਿਸ ਨੇ ਬਣਾਇਆ ਹੈ ? ਚੰਗਾ ਕਿਵੇਂ ਹੋਇਆ ? ਫਿਰ ਸਾਰੇ ਐਬ ਸਰੀਰ ਵਿਚ ਪਾ ਦਿੱਤੇ, ਇਕ ਵੀ ਐਬ ਕਰੇਂਗਾ, ਸਜ਼ਾ ਭੁਗਤੇਂਗਾ। ਗਲਤ ਕੰਮ ਸਰੀਰ ਕਰਦਾ ਹੈ, ਸਜ਼ਾ ਆਤਮਾ ਭੁਗਤਦੀ ਹੈ, ਹੈ ਨਾ ਉਲਟੀ ਗੱਲ।

ਦੂਜੀ ਸਜ਼ਾ—ਨਰਕਾਂ ਵਿਚ ਕਿਸੇ ਨੇ ਵੀ ਕਪੜੇ ਨਹੀਂ ਪਾਏ ਹੋਏ, ਸਾਰੇ ਅਲਫ ਨੰਗੇ ਹਨ। ਪੈਰਾਂ ਭਾਰ ਬਿਠਾ ਕੇ ਥੱਲਿਓਂ ਕੋਲਿਆਂ ਦਾ ਸੇਕ, ਅੱਗ ਭਖਦੀ, ਤਪਦੀ ਅੰਗੀਠੀ-ਭੱਠੀ, ਦੇਖ ਕੀ ਭਾਅ ਵਿਕਦੀ ਹੈ ? ਤੂੰ ਕਹਿੰਦੀ ਸੀ—ਮੈਂ ਅੰਮ੍ਰਿਤ ਨਹੀਂ ਛਕਣਾ। ਅੱਗੇ ਚੱਲ ਕੇ ਦੇਖ ਤਾਂ ਸਹੀ ਤੇਰੇ ਨਾਲ ਕੀ ਬੀਤਦੀ ਹੈ ? ਪਤਾ ਅੱਗੇ ਜਾ ਕੇ ਲੱਗਦਾ ਹੈ, ਮੈਂ ਸਰੀਰ ਸੀ ਤੇ ਆਤਮਾ ਰੱਬ ਕਿ ਜੀਵ। ਕਰੋੜਾਂ ਸਾਲਾਂ ਦੀ ਇਹ ਸਜ਼ਾ ਹੈ, ਤੂੰ ਰੋਂਦੀ ਹੈਂ 50-60 ਸਾਲ ਨੂੰ। ਤੇਰੀ ਉਮਰ ਅਰਬਾਂ ਖਰਬਾਂ ਸਾਲ ਹੈ।

—ਜੇ ਸਾਰਿਆਂ ਤੇ ਮਿਹਰ ਕਰਨ ਵਾਲਾ ਰੱਬ ਹੈ ਤਾਂ ਕਰੋਪੀ ਕੌਣ ਕਰਦਾ ਹੈ ?

—ਜੇ ਜੀਵਾਲਣ ਵਾਲਾ ਉਹੀ ਹੈ ਤਾਂ ਕਾਲ ਕਾਲੇ ਕੌਣ ਹੈ ?

—ਜੇ ਚਾਣਨ ਪੱਖ ਉਸਦਾ ਹੈ ਤਾਂ ਅੰਧੇਰਾ ਕੌਣ ਕਰਦਾ ਹੈ ?

—ਜੇ ਉਹ ਰਾਜ ਦੇਣ ਵਾਲਾ ਹੈ ਤਾਂ ਭੀਖ ਕੌਣ ਮੰਗਵਾਉਂਦਾ ਹੈ ?

—ਦੁਕਾਲੰ ਪ੍ਰਣਾਸੀ ਕੌਣ ਹੈ ?

—"ਨਦਰਿ ਉਪਠੀ ਜੇ ਕਰੇ", ਕੌਣ ਕਰੇ ? "ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥" ਕਿਨ੍ਹੇ ? ਧੀਆਂ-ਭੈਣਾਂ ਦੀ ਇੱਜ਼ਤ ਲੁੱਟ ਲੈਣੀ, ਖੇਹ-ਖਬੜੀ ਉਡਾ ਦੇਣੀ ਮਾਮੂਲੀ ਗੱਲ ਹੈ ਬਾਬੇ ਨਾਨਕ ਲਈ।

ਪਾਕਿਸਤਾਨ ਬਣਨ ਵੇਲੇ ਕੀ ਕੀਤਾ ਸੀ ? ਬੰਗਲਾ ਦੇਸ਼ ਬਣਨ ਵੇਲੇ ਕੀ ਕੀਤਾ ਸੀ ? ਸਿੱਖਾਂ ਨਾਲ ਕੀ ਕੀਤਾ ਸੀ ? ਹੁਣ ਗੁਜਰਾਤ ਵਿਚ ਕੀ ਕੀਤਾ ਹੈ ? ਇਹ ਬਹੁਤ ਮਾਮੂਲੀ ਸਜ਼ਾਵਾਂ ਹਨ, ਇਥੇ ਮੁੱਕ ਜਾਂਦੀਆਂ ਹਨ, ਅੱਗੇ ਨਹੀਂ ਮੁੱਕਦੀਆਂ। ਉਸ ਤੋਂ ਬਗ਼ੈਰ ਤਾਂ ਹੈ ਹੀ ਕੋਈ ਨਹੀਂ, ਫਿਰ ਦੋਵੇਂ ਪੱਖ ਉਹ ਆਪ ਹੀ ਵਰਤਾ ਰਿਹਾ ਹੈ। ਮੈਂ ਇਕ ਪੱਖ ਲਿਖ ਰਿਹਾ ਹਾਂ।

ਜਿੰਨੇ ਹਸਪਤਾਲ ਪਏ ਹਨ, ਸਾਰੀ ਬਾਬੇ ਨਾਨਕ ਦੀ ਹੀ ਕ੍ਰਿਪਾ ਹੈ। ਜਿੰਨੇ ਐਕਸੀਡੈਂਟ ਹੁੰਦੇ ਹਨ, ਰੱਬ ਦੀ ਹੀ ਕ੍ਰਿਪਾ ਹੈ। ਜਿੰਨੇ ਮਰਦੇ ਹਨ, ਰੁੜ੍ਹ ਜਾਂਦੇ ਹਨ, ਅੱਤਵਾਦੀ ਮਾਰ ਦਿੰਦੇ ਹਨ, ਛੱਤੀਸ਼ਪੁਰੇ ਮਾਰ ਦਿੱਤੇ, ਸਾਰੇ ਬਾਬੇ ਨਾਨਕ ਨੇ ਹੀ ਮਾਰੇ ਹਨ। ਜਿਨ੍ਹਾਂ ਦੇ ਘਰਵਾਲੇ ਮਰ ਗਏ, ਕਮਾਈ ਦਾ ਸਾਧਨ ਬੰਦ ਹੋ ਗਿਆ, ਤਿਲਕ ਵਿਹਾਰ ਸਰੀਰ ਦਾ ਧੰਦਾ ਕਰਦੀਆਂ, ਪੁੱਛੋ, ਰੱਬ ਚੰਗਾ ਹੈ ? ਅਜੇ ਹੋਰ ਇਕ ਪੱਖ ਦੇਖੋ—ਬਾਬਾ ਬਹੁਤ ਹੀ ਡਾਢਾ ਹੈ। ਜਿਹੜੀਆਂ ਆਤਮਾਵਾਂ ਭੂਤ ਬਣ ਗਈਆਂ, ਪ੍ਰੇਤ ਬਣ ਗਈਆਂ, ਚੁੜੇਲ ਬਣ ਗਈਆਂ, ਭੂਤਨੀਆਂ ਬਣ ਗਈਆਂ—ਕਿਨ੍ਹੇ ਬਣਾਈ ? ਰੱਬ ਤੋਂ ਬਗ਼ੈਰ ਹੋਰ ਕੌਣ ਹੈ ? ਦੂਜੀ ਕੋਈ ਤਾਕਤ ਹੀ ਨਹੀਂ। ਇਹ ਸਾਰੀਆਂ ਗੰਦੀਆਂ ਆਤਮਾਵਾਂ Menses ਪੀਂਦੀਆਂ ਹਨ, ਟੱਟੀ ਖਾਂਦੀਆਂ ਹਨ। ਤੁਸੀਂ ਕਿਸੇ ਗੰਦੀ ਰੂਹ ਨੂੰ ਪੁੱਛ ਕੇ ਦੇਖ ਲਓ।

ਮੈਨੂੰ ਯਾਦ ਹੈ ਬਜ਼ੁਰਗ ਗੱਲ ਕਰਦੇ ਸਨ, ਮਿੰਟਗੁਮਾਰੀ ਸ਼ਹਿਰ ਅੰਗਰੇਜ਼ਾਂ ਨੇ ਵਸਾਇਆ ਸੀ। ਅਜੇ ਪੂਰਾ ਵਸਿਆ ਨਹੀਂ ਸੀ, ਉਜਾੜ ਬਹੁਤ ਸੀ। ਰਾਤ ਨੂੰ ਉਜਾੜ ਵਿਚ ਨਾਚ ਗਾਣਾ ਹੋ ਰਿਹਾ ਸੀ। ਮਠਿਆਈਆਂ ਤੇ ਲੱਗੇ ਵਰਕ ਚਮਕ ਰਹੇ ਸਨ, ਬਹੁਤ ਮਠਿਆਈਆਂ ਪਈਆਂ ਸਨ। ਸਾਡਾ ਗੁਆਂਢੀ ਉਥੋਂ ਲੰਘ ਰਿਹਾ ਸੀ, ਉਸ ਨੇ ਕੁਛ ਮਠਿਆਈਆਂ ਮੰਗ ਲਈਆਂ, ਉਹਨਾਂ ਕਿਹਾ—ਝੋਲੀ ਕਰ। ਇਸਨੇ ਝੋਲੀ ਕੀਤੀ, ਉਹਨਾਂ ਭਰ ਦਿੱਤੀ। ਬੜਾ ਖ਼ੁਸ਼ ਖ਼ੁਸ਼ ਘਰ ਆ ਗਿਆ ਤੇ ਬੱਚਿਆਂ ਨੂੰ ਸੱਦਿਆ, ਜਦੋਂ ਚਾਨਣ ਵਿਚ ਮਠਿਆਈ ਵੰਡਣ ਲੱਗਾ ਤਾਂ ਸਾਰੀ ਦੀ ਸਾਰੀ ਟੱਟੀ ਸੀ। ਬੜਾ ਹੈਰਾਨ ਹੋਇਆ। ਕਿਸੇ ਸਿਆਣੇ

ਨੇ ਦੱਸਿਆ ਕਿ ਉਹ ਭੂਤ ਪ੍ਰੇਤਾਂ ਦਾ ਨਾਰ ਸੀ। ਇਕ ਭੂਤਨੀ ਨੂੰ Menses ਪੀਂਦੀ ਤਾਂ ਮੈਂ ਆਪਣੀ ਅੱਖੀਂ ਦੇਖਿਆ ਹੈ। ਰੱਬ ਚੰਗਾ ਹੈ?

ਸਾਨੂੰ ਕਿਸੇ ਨੇ ਇਹ ਗੱਲਾਂ ਪੜ੍ਹਾਈਆਂ ਸਿਖਾਈਆਂ ਹਨ? ਤੂੰ ਸਰੀਰ ਨਹੀਂ ਹੈਂ। ਸਰੀਰ ਇਕ ਝੂਠੀ ਨਾਸਵੰਤ ਚੀਜ਼ ਹੈ, ਇਸ ਦਾ ਕੋਈ ਭਰੋਸਾ ਵੀ ਨਹੀਂ ਹੈ, ਇਸ ਤੇ ਇਤਬਾਰ ਨਾ ਕਰ। ਤੂੰ ਰੱਬ ਹੈਂ, ਗੁਰੂ ਨਾਨਕ ਦੀ ਤਰ੍ਹਾਂ ਜੀਵਨ ਬਤੀਤ ਕਰ, ਜੇ ਬਚਣਾ ਹੈ ਤਾਂ। ਮਾਇਆ, ਮਾਇਆ, ਮਾਇਆ, "How to make money?" ਇਹੀ ਪੜ੍ਹਾਇਆ ਜਾਂਦਾ ਹੈ। "We are born to make money." ਇਹੀ ਸਾਡੀ ਪੜ੍ਹਾਈ ਹੈ।

ਰੱਬ ਕੀ ਕਹਿੰਦਾ ਹੈ:

ਜਿਨ ਹਰਿ ਹਿਰਦੈ ਨਾਮੁ ਨ ਬਸਿਓ,
ਤਿਨ ਮਾਤ ਕੀਜੈ ਹਰਿ ਬਾਂਝਾ॥ *(ਪੰਨਾ 697)*

ਹੇ ਵਾਹਿਗੁਰੂ! ਉਸ ਦੀ ਮਾਂ ਨੂੰ ਸੰਢ-ਬਾਂਝ ਕਰ ਦੇਹ, ਜਿਸ ਨੇ ਆਪਣੇ ਬੱਚਿਆਂ ਨੂੰ ਵਾਹਿਗੁਰੂ ਨਾਮ ਨਹੀਂ ਜਪਾਉਣਾ। ਰੱਬ ਚੰਗਾ ਹੈ ਕਿ ਨਹੀਂ?

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ,
ਤਿਸ ਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ,
ਤਿਸੁ ਬਿਧਵਾ ਕਰਿ ਮਹਤਾਰੀ॥੨॥ *(ਪੰਨਾ 1263)*

ਬਾਬੇ ਨਾਨਕ ਦੀ ਲਿਖਤ ਹੈ, ਮੇਰੀ ਨਹੀਂ। ਜਿਹਨਾਂ ਨੇ ਐਸਾ ਸੋਹਣਾ ਵਾਹਿਗੁਰੂ ਵਾਹਿਗੁਰੂ ਨਾਮ ਭੁਲਾ ਦਿਤੈ, ਹੇ ਵਾਹਿਗੁਰੂ! ਉਹਨਾਂ ਦੀ ਕੁਲ ਨੂੰ ਸਰਾਪ ਦੇ ਦੇਹ, ਹੇ ਵਾਹਿਗੁਰੂ! ਉਹਨਾਂ ਦੇ ਘਰ ਕੋਈ ਔਰਤ ਗਰਭਵਤੀ ਨਾ ਹੋਵੇ, ਕੋਈ ਬੱਚਾ ਹੀ ਨਾ ਜੰਮੇ ਜਾਂ ਫਿਰ ਉਹਨਾਂ ਦੀ ਮਾਂ ਰੰਡੀ ਕਰ ਦੇਹ, ਉਹਨਾਂ ਦਾ ਪਿਓ ਹੀ ਮਾਰ ਦੇਹ। *ਇਹ ਲਿਖਤ ਚੰਗੀ ਲਿਖੀ ਹੈ। ਰੱਬ ਚੰਗਾ ਹੈ?*

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ,
ਤਿਸੁ ਨਾਮੁ ਪਰਿਓ ਹੈ ਧ੍ਰਕਟੀ॥ *(ਪੰਨਾ 528)*

ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਦੀ ਦਾਤਿ ਨਹੀਂ ਲਈ—ਹੈ ਨਿਲੱਜ-ਨੱਕ-ਕਟਾ—ਭਾਵੇਂ ਦੇਖਣ ਨੂੰ ਸੋਹਣਾ ਹੀ ਹੋਵੇ ਪਰ ਇਉਂ ਹੈ, ਜਿਵੇਂ ਕੰਜਰੀ ਦੇ ਘਰ ਪੁੱਤਰ ਜੰਮ ਪਏ, ਉਸ ਦਾ ਨਾਂ ਹਰਾਮੀ ਹੀ ਹੁੰਦਾ ਹੈ, ਸਾਰੇ ਹਰਾਮਦਾ ਹੀ ਆਖਦੇ ਹਨ। *ਬਾਬਾ ਸਾਨੂੰ ਕਹਿ ਰਿਹਾ ਹੈ—ਚੰਗਾ ਹੈ?*

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ॥
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ॥੧॥

(ਪੰਨਾ 528)

ਜਿਹਨਾਂ ਦੇ ਹਿਰਦੇ ਵਿਚ ਵਾਹਿਗੁਰੂ ਪਤੀ ਨਹੀਂ ਵੱਸਿਆ, ਭਾਵ ਰੱਬ ਦੀ ਵਹੁਟੀ ਨਹੀਂ ਬਣੀ, ਉਹਨਾਂ ਦੀ ਸ਼ਕਲ ਅੱਗੇ ਨਰਕ ਵਿਚ ਕੋਹੜੀਆਂ ਵਰਗੀ ਹੈ, (ਸਜ਼ਾ ਦੇਖ ਲੈ, ਮਾਰ ਮਾਰ ਕੋਹੜੀ ਵਰਗਾ ਬਣਾ ਦਿੰਦੇ ਹਨ ਜਮਦੂਤ)। ਅੰਮ੍ਰਿਤ ਛਕਿਆ ਨਹੀਂ, ਗੱਲਾਂ ਬਹੁਤ ਸਿਆਣਪ ਵਾਲੀਆਂ ਕਰਦਾ ਹੈ। ਅੱਗੇ ਨਰਕਾਂ ਵਿਚ ਭਰਿਸ਼ਟਿਆ ਹੋਇਆ ਹੈ, ਤੂੰ ਅੰਮ੍ਰਿਤਧਾਰੀ ਹੈਂ ? ਤੈਨੂੰ ਕਹਿ ਰਹੇ ਹਨ। ਇਹ ਦਰਗਾਹ ਬਾਬੇ ਨਾਨਕ ਨੇ ਬਣਾਈ ਹੈ, ਹੁਣ ਦੱਸ, ਰੱਬ ਚੰਗਾ ਹੈ ? **ਅੱਗੇ ਚੰਗਾ ਕੁਛ ਵੀ ਨਹੀਂ, ਜਿਸ ਦਾ ਨਾਂ ਹੀ ਨਰਕ ਹੈ, ਚੰਗਾ ਕਿਵੇਂ ਹੋ ਸਕਦਾ ਹੈ ?**

ਤੀਜੀ ਸਜ਼ਾ—ਵੇਲਣਾ ਲੱਗਾ ਹੁੰਦਾ ਹੈ, ਕੁਲ੍ਹਾੜੀ ਜਾਂ ਕੋਹਲੂ ਇਕੋ ਹੀ ਗੱਲ ਹੈ। ਤੇਰੇ ਵਰਗੇ ਮਨਮੁਖ ਨੂੰ ਫੜਦੇ ਹਨ, ਉਸ ਦੇ ਵਿਚ ਪੀੜ ਦਿੰਦੇ ਹਨ, ਅੱਗੋਂ ਫਿਰ ਗੰਨੇ ਦੀ ਤਰ੍ਹਾਂ ਫੜ ਲੈਂਦੇ ਹਨ, ਫਿਰ ਪੀੜ ਦੇਂਦੇ ਹਨ, ਇਹ ਸਿਸਟਮ ਸਾਲਾਂ ਬੱਧੀ ਚਲਦਾ ਰਹਿੰਦਾ ਹੈ। ਦੇਖ ਬੰਦੇ ਦਾ ਹਾਲ। ਰੱਬ ਚੰਗਾ ਹੈ ? **ਜਿਹਨਾਂ ਨੇ ਅੰਮ੍ਰਿਤ ਹੀ ਨਹੀਂ ਛਕਿਆ, ਉਹਨਾਂ ਨੂੰ ਰੱਬ—ਕੁੱਤਾ, ਸੂਰ, ਖੋਤਾ, ਕਾਂ ਤੇ ਸੱਪ ਆਖਦਾ ਹੈ।** ਬੰਦਾ ਆਖਦਾ ਹੀ ਨਹੀਂ ਤੇ ਵਿਉਹਾਰ ਵੀ ਕੁੱਤੇ ਸੂਰ ਵਾਲਾ ਹੀ ਕਰਦਾ ਹੈ। ਤੇ ਅਸੀਂ ਪੈਗ ਲੱਗਾ ਹੋਇਆ, ਸਿਗਰਟ ਮੂੰਹ ਵਿਚ—ਸਿਰ-ਮੂੰਹ ਕੱਦੂ ਵਰਗਾ—ਕਾਮ ਦਾ ਮਾਰਿਆ ਪਿਆ ਤੇ ਬੋਲੇਗਾ—ਸਾਡਾ ਵੀ ਰੱਬ ਹੈਗਾ ਹੀ ਆ। ਕਦੀ ਤਾਂ ਸੁਣੂਗਾ ਈ। ਉਹਨਾਂ ਦਾ ਕਿਹੜਾ ਰੱਬ ਹੈ ? ਮੈਨੂੰ ਦਿਖਾਓ ਤੇ ਕਦੋਂ ਸੁਣੂਗਾ ? ਮੈਨੂੰ ਸਮਝਾਓ।

ਹਰ ਜੀਵ ਨੂੰ ਰੱਬ ਮਾਇਆ ਦਿੰਦਾ ਹੈ ਤੇ ਮਾਇਆ ਧਰਮਰਾਜ ਥੱਲੇ ਆਉਂਦੀ ਹੈ। ਰੱਬ ਆਪਣੇ ਖ਼ਜ਼ਾਨੇ ਵਿਚੋਂ ਬੇ-ਅੰਮ੍ਰਿਤੀਏ ਨੂੰ ਕੁਛ ਵੀ ਨਹੀਂ ਦਿੰਦਾ, ਨਾ ਹੀ ਦੇਣਾ ਚਾਹੁੰਦਾ ਹੈ, ਨਾ ਹੀ ਉਸ ਵੱਲ ਵੇਖਦਾ ਹੈ, ਨਾ ਹੀ ਮਿਹਰ ਕਰਦਾ ਹੈ। ਅੰਮ੍ਰਿਤ ਛਕਿਆ ਨਹੀਂ, ਪੁੱਤਰ ਬਣਿਆ ਨਹੀਂ, ਬੋਲੇਗਾ—ਸਾਡਾ ਵੀ ਰੱਬ ਹੈਗਾ ਈ ਆ। ਦਿਖਾਓ ਕਿਥੇ ਹੈ ? ਹਾਂ! ਤੁਹਾਡਾ ਧਰਮਰਾਜ ਹੈਗਾ, ਜਮਦੂਤ ਹੈਗੇ ਹਨ। ਉਹ ਤੁਹਾਨੂੰ ਨਰਕਾਂ ਵਿਚ ਦੇਖਣਗੇ, ਉਹੀ ਤੁਹਾਡੇ ਮਾਲਕ ਹਨ।

ਕੋਈ ਅਮੀਰ ਬੰਦਾ ਦਿਖਾਓ, ਅੰਮ੍ਰਿਤ ਨਹੀਂ ਛਕਿਆ, ਕੁਰਹਿਤ ਕਰਨ ਤੋਂ ਬੱਚ ਗਿਆ ਹੋਵੇ। 6 ਅਰਬ ਦੁਨੀਆਂ ਵਿਚੋਂ ਕੋਈ ਬੰਦਾ ਦਿਖਾਓ, ਜਿਸ ਨੇ ਅੰਮ੍ਰਿਤ ਨਹੀਂ ਛਕਿਆ—ਜੰਮਣ ਤੋਂ ਮਰਨ ਤਕ ਕੋਈ ਕੁਰਹਿਤ ਨਹੀਂ ਕੀਤੀ,

ਸਰੀਰ ਤੋਂ ਬੱਚ ਗਿਆ ਹੋਵੇ ? ਇਕ ਹੀ ਦਿਖਾ ਦਿਓ ? ਰੱਬ ਕਿਵੇਂ ਚੰਗਾ ਹੋਇਆ ? ਸਾਡਾ ਇਥੇ ਕੁਛ ਵੀ ਨਹੀਂ, ਨਾ ਸਰੀਰ ਸਾਡਾ ਹੈ, ਨਾ ਆਤਮਾ, ਸਭ ਰੱਬ ਦਾ ਹੀ ਹੈ। ਫਿਰ ਵੀ ਇਕ ਬੰਦਾ ਵੀ ਰੱਬ ਵਰਗਾ ਨਹੀਂ, ਗੁਰੂ ਨਾਨਕ ਵਰਗਾ ਨਹੀਂ। ਰੱਬਾ ! ਆਪਣੇ ਜੀਵਾਂ ਤੇ ਮਿਹਰ ਕਰ। ਬਾਬਾ ਕਹਿੰਦਾ ਹੈ–ਇਹ ਮਿਹਰ ਦੇ ਲਾਇਕ ਨਹੀਂ। ਬਾਬਾ ! ਜੀਵ ਤਾਂ ਤੇਰੇ ਹੀ ਹਨ। ਫਿਰ ਮੈਂ ਕੀ ਕਰਾਂ ? ਬਾਣੀ ਪੜ੍ਹ ਕੇ ਕਰਮ ਠੀਕ ਮੇਰੇ ਵਰਗੇ ਕਰ ਲੈਣ ਤਾਂ ਦੇਖਾਂਗੇ। **"ਸਰਵਰ ਪੰਖੀ ਹੇਕੜੋ, ਫਾਹੀਵਾਲ ਪਚਾਸ ॥"** ਜੀਵਾਤਮਾ ਇਕ ਹੈ, ਜਾਲ ਪੰਜਾਹ, ਕੌਣ ਪਾਰ ਕਰੇਗਾ ? ਬਾਬਾ ਹੀ ਪਾਰ ਕਰਾਵੇ। ਬਾਬੇ ਦੀ ਗੱਲ ਸੁਣ ਲਓ। ਬਾਬਾ ਜੀ ! ਅੰਮ੍ਰਿਤਧਾਰੀ ਗੁਰਸਿੱਖ ਹੈ, ਰਹਿਤ ਵਿਚ ਪ੍ਰਪੱਕ ਹੈ, ਸੁਰਤਿ ਜੋੜਦਾ ਹੈ, ਕਿਰਪਾ ਕਰੋ। ਸਿਮਰਨ ਥੋੜ੍ਹਾ ਹੈ, ਦੋ ਘੰਟੇ ਕਰੇ। ਬਾਬਾ ਜੀ ! ਦੋ ਘੰਟੇ ਸਿਮਰਨ ਕਰਦਾ ਹੈ। ਥੋੜ੍ਹਾ ਹੈ, ਤਿੰਨ ਘੰਟੇ ਸਿਮਰਨ ਕਰੇ ਤੇ ਘੰਟਾ ਬਾਣੀ ਵੀਚਾਰਿਆ ਕਰੇ। ਬਾਬਾ ਜੀ ! ਹੁਣ ਤਾਂ ਚਾਰ ਘੰਟੇ ਸਿਮਰਨ ਹੋ ਗਿਆ ਹੈ, ਬਾਣੀ ਵੀ ਵੀਚਾਰਦਾ ਹੈ, ਦਰਸ਼ਨ ਦੇ ਦਿਓ। ਘੰਟਾ ਚਰਨ-ਧੂੜ ਲਿਆ ਕਰੇ। ਬਾਬਾ ਜੀ ! ਘੰਟਾ ਚਰਨ-ਧੂੜ ਵੀ ਲੈਂਦਾ ਹੈ। ਜੂਠੇ ਭਾਂਡੇ ਮਾਂਜਿਆ ਕਰੇ। ਬਾਬਾ ਜੀ ! ਜੂਠੇ ਭਾਂਡੇ ਵੀ ਮਾਂਜਦਾ ਹੈ। ਝਾੜੂ ਪੋਚਾ ਕਰਿਆ ਕਰੇ। ਬਾਬਾ ਜੀ ! ਝਾੜੂ ਪੋਚਾ ਵੀ ਕਰਦਾ ਹੈ। ਅਜੇ ਸੁਭਾਵ ਮੇਰਾ ਵਰਗਾ ਨਹੀਂ ਹੋਇਆ। ਬਾਬਾ ਜੀ ! ਉਹ ਤਾਂ ਤੁਸੀਂ ਹੀ ਕਰਨਾ ਹੈ–ਕਰ ਦਿਓ ਤੇ ਦਰਸ਼ਨ ਦਿਓ। ਦਰਸ਼ਨ ਹੋਣੇ ਸੌ ਸਾਲ ਦੀ ਖੇਡ ਹੈ, ਤੁਸੀਂ ਕਾਹਲੇ ਪੈ ਜਾਂਦੇ ਹੋ, ਦੇ ਦਿਆਂਗੇ ਦਰਸ਼ਨ। ਦੇਣੇ-ਦੂਣੇ ਕੋਈ ਨਹੀਂ, ਬੰਦੇ ਨੂੰ ਤਰਸਾਈ ਜਾਣਾ, ਤਰਸਾਈ ਜਾਣਾ, ਉਨੇ ਚਿਰ ਨੂੰ ਭਾਵੇਂ ਇਤਬਾਰ ਹੀ ਟੁੱਟ ਜਾਏ। ਬਾਬਾ ਚੰਗਾ ਹੈ ? ਗੁਰਸਿੱਖਾਂ, ਆਪਣੇ ਪੁੱਤਰਾਂ ਦੀ ਨਹੀਂ ਸੁਣਦਾ ਜਲਦੀ ਕਿਤੇ, ਤੇਰੀ ਮਨਮੁਖਾ ਕਿਵੇਂ ਸੁਣ ਲਏਗਾ ? ਮੈਨੂੰ ਸਮਝਾ ਤਾਂ ਸਹੀ।

ਬਾਬਾ ਜੀ ! ਅਮਰੀਕਾ ਤੋਂ ਫ਼ੋਨ ਆਇਆ ਹੈ, ਗੁਰਸਿੱਖ ਪਰਿਵਾਰ ਹੈ, ਸਿਮਰਨ ਕਰਦੇ ਹਨ, ਬਾਣੀ ਵੀਚਾਰਦੇ ਹਨ, ਚਰਨ-ਧੂੜ ਲੈਂਦੇ ਹਨ। ਇਕ ਪੁੱਤਰ ਦੀ ਦਾਤਿ ਬਖ਼ਸ਼ੋ। ਧੀ ਨੂੰ ਕੀ ਹੈ ? ਫਿਰ ਇਹ ਬੱਚੇ ਕਿਹੜੇ ਤੁਹਾਡੇ ਹਨ। ਨਾ ਤੁਸੀਂ ਇਹਨਾਂ ਦੇ ਹੋ, ਨਾ ਇਹ ਤੁਹਾਡੇ ਹਨ। ਐਵੇਂ ਵਾਧੂ ਦਾ ਮੋਹ ਹੀ ਹੈ। ਸਿਮਰਨ ਕਰਿਆ ਕਰੋ। ਪੁੱਛੋ ! ਬਾਬਾ ਜੀ ! ਤੁਹਾਨੂੰ ਕੋਈ ਫ਼ਰਕ ਪੈ ਜਾਣਾ ਹੈ, ਅਰਬਾਂ ਬੱਚੇ ਦਿੱਤੇ ਹੀ ਹਨ, ਇਕ ਸਾਨੂੰ ਵੀ ਦੇ ਦਿਓ। ਤੁਹਾਡੇ ਕਰਮਾਂ ਵਿਚ ਹੀ ਨਹੀਂ। ਮਾਤਾ ਸੁਲੱਖਣੀ ਦੇ ਕਰਮਾਂ ਵਿਚ ਵੀ ਤਾਂ ਪੁੱਤਰ ਦੀ ਦਾਤਿ ਨਹੀਂ ਸੀ ਲਿਖੀ, ਬਾਦ ਵਿਚ ਲਿਖੀ ਸੀ। ਸਾਡੀ ਵੀ ਬਾਦ ਵਿਚ ਲਿਖ ਦਿਓ। ਮਾਤਾ ਸੁਲੱਖਣੀ ਦਸਮ ਦੁਆਰੀ ਸੀ–ਸਚਖੰਡਿ ਤਕ ਪਹੁੰਚ ਸੀ, ਘਰੋਂ ਹੀ ਕਲਮ ਕਾਗ਼ਜ਼ ਲੈ ਕੇ ਆਈ ਸੀ। ਉਸ ਦੀ ਅੰਦਰੋਂ ਭਾਵਨਾ ਸਾਡੇ ਨਾਲ ਮਿਲੀ ਹੋਈ

ਸੀ। ਬਾਬਾ ਜੀ ! ਸਾਡੀ ਭਾਵਨਾ ਆਪਣੇ ਨਾਲ ਮਿਲਾ ਲਓ। ਮਿਲਾ ਲਵਾਂਗੇ— ਮਿਲਾਉਣੀ ਕੋਈ ਨਹੀਂ। ਕਹਿਣਗੇ—ਭਗਤੀ ਕਰੋ ਬਸ ਭਗਤੀ, ਸਿਮਰਨ। ਸਭ ਕੁਛ ਰੱਬ ਦੇ ਹੱਥ ਵਿਚ ਹੈ। ਫਿਰ ਦੇ ਦੇਵੇ, ਰੱਬ ਦਾ ਕੁਛ ਘੱਟ ਜਾਣਾ ਹੈ ? ਜਾਂ ਕਿਸੇ ਪੁੱਛ-ਗਿੱਛ ਕਰ ਲੈਣੀ ਹੈ ? ਪਰ ਨਹੀਂ, ਨਹੀਂ ਤੇ ਨਹੀਂ। ਬਾਬਾ ਤਾਂ ਫਿਰ ਵੀ ਚੰਗਾ ਹੀ ਹੈ ? ਸੁਭਾਵ ਦਾ ਬਹੁਤ ਸਖ਼ਤ ਹੈ ਰੱਬ, ਬੋਲਣ ਵਿਚ ਬਹੁਤ ਮਿਠਾਸ ਹੈ ਪਰ ਕੰਮ ਕੋਈ ਨਹੀਂ ਕਰਨਾ। ਅੰਦਰੋਂ ਬਹੁਤ ਸਖ਼ਤ ਹੈ। ਬਾਬਾ ਜੀ ! 84 ਵਿਚ ਸਿੱਖਾਂ ਦਾ ਬਹੁਤ ਬੁਰਾ ਹਾਲ ਹੋਇਆ, ਇਹਨਾਂ ਵਿਚੋਂ ਮੇਰਾ ਕਿਹੜਾ ਸਿਖ ਸੀ ? ਸਾਰੇ ਕਾਂ ਕੁੱਤੇ ਹਰਾਮਦੇ ਸਨ। ਬੋਲੋ ਕੀ ਬੋਲਦੇ ਹੋ ? ਬਾਬਾ ਚੰਗਾ ਹੈ ? ਅੱਜ ਦੇ ਗੁਜਰਾਤ ਦੀ ਗੱਲ ਕਰ ਲਓ। ਬਾਬਾ ਜੀ! ਗੁਜਰਾਤ ਵਿਚ ਮੁਸਲਮਾਨ ਮਾਰ ਦਿੱਤੇ, ਮੈਂ ਹੀ ਮਾਰੇ ਹਨ, ਆਕੜ ਹੀ ਬਹੁਤ ਸੀ। ਬਾਬਾ ਜੀ ! ਗੁਜਰਾਤ ਵਿਚ ਭੁਚਾਲ ਆ ਗਿਆ, ਮੈਂ ਹੀ ਲਿਆਂਦਾ ਹੈ, ਸਾਰੇ ਅਸੀਂ ਹੀ ਮਾਰੇ ਹਨ, ਸਾਰੇ ਮਾਇਆਧਾਰੀ ਸਨ। ਬੋਲੋ ਕੀ ਕਹਿੰਦੇ ਹੋ ? ਬਾਬਾ ਚੰਗਾ ਹੈ ? ਸਾਰੀ ਦੁਨੀਆਂ ਖ਼ਤਮ ਕਰਨ ਦੀ ਸੋਚ ਰਹੇ ਹਾਂ, ਦੁਬਾਰਾ ਵਸਾ ਦਿਆਂਗੇ, ਤੁਸੀਂ ਕਿਉਂ ਔਖੇ ਹੋ ? ਤੁਹਾਡਾ ਇਥੇ ਕੀ ਹੈ ? ਸਾਡੀ ਖੇਡ ਹੈ, ਜੋ ਮਰਜ਼ੀ ਕਰੀਏ। ਬੋਲੋ ਕੀ ਕਹਿੰਦੇ ਹੋ ? 18 ਮਿੰਟਾਂ ਵਿਚ ਅਮਰੀਕਾ ਉਡਾ ਕੇ ਰੱਖ ਦਿੱਤਾ, ਅੱਜ ਵੀ ਯਾਦ ਕਰ ਕੇ ਰੋਂਦੇ ਹਨ। ਬਾਬੇ ਨਾਨਕ ਦਾ—ਰੱਬ ਦਾ ਕੀ ਗਿਆ ? ਉਹ ਤਾਂ ਭਾਣਾ ਵਰਤਾਂਦਾ ਹੈ। ਨੁਕਸਾਨ-ਲਾਭ ਨਹੀਂ ਦੇਖਦਾ।

ਹਰ ਕੁਰਹਿਤੀਏ ਦੀ, ਬੇ-ਅੰਮ੍ਰਿਤੀਏ ਦੀ ਉਹਨੇ ਭੁਤਨੀ ਭਵਾਉਣੀ ਹੀ ਭਵਾਉਣੀ ਹੈ। ਇਥੇ ਨਹੀਂ ਤਾਂ ਅੱਗੇ ਕੋਈ ਬੱਚ ਨਹੀਂ ਸਕਦਾ। ਸਾਰੀ ਖੇਡ ਰੱਬ ਦੇ ਹੱਥ ਹੈ। 6 ਅਰਬ ਵਿਚੋਂ 600 ਉਸ ਦੇ ਪੁੱਤਰ ਤੇ ਵਹੁਟੀਆਂ ਹਨ। ਬਸ ! ਇੰਨਿਆਂ ਨੂੰ ਹੀ ਪਿਆਰ ਕਰਦਾ ਹੈ, ਇਹਨਾਂ ਤੇ ਹੀ ਮਿਹਰ ਕਰਦਾ ਹੈ, ਇਹਨਾਂ ਤੇ ਹੀ ਬਖ਼ਸ਼ਿਸ਼ ਕਰਦਾ ਹੈ, ਇਹਨਾਂ ਲਈ ਸੁਭਾਵ ਦਾ ਬਹੁਤ ਮਿੱਠਾ ਹੈ, ਇਹਨਾਂ ਨੂੰ ਕੁਛ ਨਹੀਂ ਆਖਦਾ। ਲੇਖਾ ਵੀ ਨਹੀਂ ਮੰਗਦਾ। ਸਿੱਧੇ ਸਚਖੰਡਿ ਜਾਣਗੇ। ਇਹ ਗਿਣਤੀ ਵਧ ਸਕਦੀ ਹੈ, 6 ਸੌ ਤੋਂ 6 ਹਜ਼ਾਰ ਹੋ ਸਕਦੀ ਹੈ, 6 ਹਜ਼ਾਰ ਤੋਂ 6 ਲੱਖ ਹੋ ਸਕਦੀ ਹੈ, 6 ਲੱਖ ਤੋਂ 6 ਕਰੋੜ ਹੋ ਸਕਦੀ ਹੈ, 60 ਕਰੋੜ ਵੀ ਹੋ ਸਕਦੀ ਹੈ। ਜੁਗ ਬਦਲ ਸਕਦਾ ਹੈ ਜੇ ਆਪਾਂ ਆਪਣੀ ਸਿਖਿਆ ਠੀਕ ਕਰ ਲਈਏ, ਪੜ੍ਹਾਈ ਠੀਕ ਕਰ ਲਈਏ, ਸਾਰੇ ਅੰਮ੍ਰਿਤਧਾਰੀ ਹੋ ਜਾਈਏ—ਰਹਿਤ ਵਿਚ ਪ੍ਰਪੱਕ ਹੋ ਜਾਈਏ, ਕੁਰਹਿਤ ਕਰੀਏ ਹੀ ਨਾ—ਸਿਮਰਨ ਕਰੀਏ—ਸੁਰਤਿ ਜੋੜੀਏ, ਨਿਮਰਤਾ ਧਾਰਨ ਕਰੀਏ, ਚਰਨ-ਧੂੜ ਲਈਏ, ਸਰਬੱਤ ਦਾ ਭਲਾ ਮੰਗੀਏ, ਮਨੁੱਖਤਾ ਦੀ ਸੇਵਾ ਕਰੀਏ, ਗੁਰਬਾਣੀ ਵੀਚਾਰ ਕੇ ਪ੍ਰਚਾਰ ਕਰੀਏ।

ਕਿਤਾਬ ਤਾਂ 500 ਸਫ਼ੇ ਦੀ ਬਣ ਸਕਦੀ ਹੈ, ਅਜੇ ਹੋਰ ਬਹੁਤ ਕੁਛ ਲਿਖਿਆ ਜਾ ਸਕਦਾ ਹੈ ਪਰ ਥੋੜ੍ਹਾ ਤੇ ਇਸ਼ਾਰੇ ਮਾਤਰ ਲਿਖਿਆ, ਤਾਂ ਕਿ

ਸਾਰੇ ਪੜ੍ਹ ਸਕਣ ਤੇ ਕੁਛ ਸਮਝ ਸਕਣ। ਅੰਮ੍ਰਿਤ ਛਕ ਕੇ ਪੁੱਤਰ ਬਣ ਜਾਣ ਤੇ ਨਰਕਾਂ ਤੋਂ ਬਚ ਜਾਣ। ਸਾਰੇ ਸਚਖੰਡਿ ਜਾਣ। ਬਸ ਮੇਰੀ ਇਹੀ ਅਰਦਾਸ ਹੈ। ਵਾਹਿਗੁਰੂ! ਬਾਬਾ ਜੀ! ਆਪਣੇ ਪੁੱਤਰ ਹੀ ਬਣਾ ਲਓ। ਬਸ! ਰਹਿਤ-ਕੁਰਹਿਤ ਬਾਰੇ ਸਮਝਾ ਦਿਓ। ਅਗਲੀ ਦੁਨੀਆਂ ਸੱਚੀ ਤੇ ਸਦੀਵੀ ਦੀ ਸਮਝ ਆ ਜਾਏ। ਮੈਂ ਕੌਣ ਹਾਂ? ਸਮਝ ਆ ਜਾਏ।

ਗੁਰੂ ਦੇ ਲਾਲ! ਕੁਛ ਤੇ ਸਮਝ ਕਰ। ਪਾਤਿਸ਼ਾਹ ਦੀ ਕੁਰਬਾਨੀ ਤਾਂ ਦੇਖ। ਤੱਤੀ ਤਵੀ ਤੇ ਤੇਰੇ ਲਈ ਬੈਠ ਗਏ, ਪਰ ਤੂੰ ਨਾ ਸਮਝਿਆ। ਤੈਨੂੰ ਸਰਦਾਰੀਆਂ ਬਖ਼ਸ਼ੀਆਂ, ਪਰ ਤੂੰ ਨਾ ਸਮਝਿਆ। ਦਸਵੇਂ ਪਾਤਿਸ਼ਾਹ ਨੇ ਸਾਰਾ ਪਰਿਵਾਰ ਵਾਰ ਦਿੱਤਾ ਤੇਰੇ ਲਈ, ਪਰ ਤੂੰ ਨਾ ਸਮਝਿਆ। ਉਹ ਪੋਹ ਦੀਆਂ ਰਾਤਾਂ, ਸੱਤ ਰਾਤਾਂ ਜਦੋਂ ਕਿਲ੍ਹਾ ਛੱਡਿਆ ਹੈ, ਜੂਝ ਕੇ ਲੜਾਂਗੇ, ਨਦੀ ਪਾਰ ਕੀਤੀ, ਬੱਚੇ ਸ਼ਹੀਦ ਹੋ ਗਏ, ਦੋ ਨੀਹਾਂ ਵਿਚ ਚਿਣੇ ਗਏ, ਮਾਤਾ ਨੂੰ ਠੰਡੇ ਬੁਰਜ ਤੋਂ ਧੱਕਾ ਮਾਰ ਦਿੱਤਾ, ਸਾਰਾ ਪਰਿਵਾਰ ਹੀ ਵਾਰ ਦਿੱਤਾ, ਤੇਰੇ ਲਈ, ਤੂੰ ਪੁੱਤਰ ਬਣਨ ਨੂੰ ਤਿਆਰ ਨਹੀਂ, ਧੰਨ ਹੈਂ, ਤੂੰ ਧੰਨ ਹੈਂ।

ਧੁਰਿ ਕੀ ਬਾਣੀ ਤੇਰੇ ਲਈ ਲਿਖੀ ਹੈ, ਪੜ੍ਹ ਕੇ ਸਮਝ ਜਾਈਂ। ਉਹ ਆਪਾਂ ਪੜ੍ਹਨੀ ਹੀ ਛੱਡ ਦਿੱਤੀ, ਪੜ੍ਹਾਈ ਤੋਂ ਵਿਹਲ ਮਿਲੇ ਤਾਂ ਪੜ੍ਹੀਏ। T.V. ਦੇਖਣ ਨੂੰ ਸਮਾਂ ਹੈ, ਬਾਣੀ ਪੜ੍ਹਨ ਨੂੰ ਨਹੀਂ। ਸਿਮਰਨ ਕਰਨ ਨੂੰ ਸਮਾਂ ਹੀ ਕੋਈ ਨਹੀਂ। ਬਸ! ਪੜ੍ਹਾਈ, ਪੜ੍ਹਾਈ। ਇਹ ਪੜ੍ਹਾਈ ਤੈਨੂੰ ਕਾਮ ਤੋਂ ਬਚਾ ਲਏਗੀ? ਵਿਕਾਰਾਂ ਤੋਂ ਬਚਾ ਲਏਗੀ? ਤੇਰਾ ਅੱਗੇ ਉਹੀ ਹਾਲ ਹੋਣਾ ਹੈ ਜੋ ਲਿਖਿਆ ਹੈ। ਯਾਦ ਰੱਖੀਂ, ਤੂੰ ਸਰੀਰ ਨਹੀਂ ਹੈਂ। ਜੇ ਰੱਬ ਹੈਂ ਤਾਂ ਰੱਬ ਵਾਲੇ ਕੰਮ ਕਰ। ਜੀਵਨ-ਜਾਚ ਸਿੱਖਣ ਦੀ ਕੋਸ਼ਿਸ਼ ਕਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੂਰਨ ਜੀਵਨ-ਜਾਚ ਹੈ। ਕਦੀ ਵੀਚਾਰ ਲਿਆ ਕਰ। ਅੱਗੇ ਖੇਡ ਦੇਖ, ਸਾਰੀ ਲਿਖੀ ਪਈ ਹੈ। ਕਿਵੇਂ ਬਚੇਂਗਾ? ਮਾਰ ਮਾਰ ਕੇ ਉਡਾ ਦੇਣਾ ਹੈ ਤੈਨੂੰ ਜਮਦੂਤਾਂ ਨੇ, ਨਰਕਾਂ ਵਿਚ ਧੱਕ ਦੇਣਾ ਹੈ। ਲੱਖਾਂ ਸਾਲਾਂ ਦਾ ਤਾਂ ਰੀਮਾਂਡ ਹੀ ਹੈ।

ਯਾਦ ਰੱਖੋ—ਸਰੀਰ ਦੀ ਉਮਰ 70-80 ਸਾਲ ਹੈ, ਜੇ ਸਜ਼ਾ ਵੀ 70-80 ਸਾਲ ਦੀ ਹੋਵੇ ਤਾਂ ਕੋਈ ਗੱਲ ਹੀ ਨਹੀਂ। ਪਰ ਐਸਾ ਨਹੀਂ ਹੈ। ਸਜ਼ਾ 70-80 ਕਰੋੜਾਂ ਸਾਲਾਂ ਦੀ ਹੈ। ਲੱਖਾਂ ਸਾਲਾਂ ਦਾ ਤਾਂ ਰੀਮਾਂਡ ਹੀ ਹੈ। ਜੂਨਾਂ ਨਾਲੋਂ ਰੀਮਾਂਡ ਬਹੁਤ ਔਖਾ ਹੈ, ਜੂਨਾਂ ਤਾਂ ਬੀਤਦੀਆਂ ਬੀਤਦੀਆਂ ਬੀਤ ਜਾਣਗੀਆਂ ਪਰ ਰੀਮਾਂਡ ਨਹੀਂ ਬੀਤਦਾ—ਸਜ਼ਾਵਾਂ ਬਹੁਤ ਗੰਦੀਆਂ, ਬਹੁਤ ਔਖੀਆਂ ਤੇ ਬਹੁਤ ਲੰਬੀਆਂ ਹਨ। ਤੂੰ ਆਪਣੇ ਆਪ ਨੂੰ ਹੀ ਭੁੱਲੀ ਬੈਠਾ ਹੈਂ, ਰੱਬ ਨੂੰ ਕੀ ਯਾਦ ਕਰੇਂਗਾ? ਵਾਹਿਗੁਰੂ ਅੱਗੇ ਅਰਦਾਸ ਹੀ ਕਰ—ਵਾਹਿਗੁਰੂ! ਆਪਣਾ ਪੁੱਤਰ ਹੀ ਬਣਾ ਲੈ, ਤਾਂ ਹੀ ਬਖ਼ਸ਼ਿਆ ਜਾਏਂਗਾ। ਮੈ ਕਹਿ ਰਿਹਾ ਹਾਂ, ਰੱਬ ਚੰਗਾ ਨਹੀਂ ਹੈ, ਚੰਗਾ ਨਹੀਂ ਹੈ, ਚੰਗਾ ਨਹੀਂ ਹੈ। ਤੇਰੀ ਤਾਂ ਚਟਨੀ ਬਣਾ ਦਏਗਾ। ਅੱਗੇ

ਜਾ ਕੇ ਦੇਖੀਂ—ਕੌਣ ਕੌਣ ਟੰਗਿਆ ਪਿਆ ਹੈ ? ਲੱਖਾਂ ਸਾਲਾਂ ਦੇ ਟੰਗੇ ਪਏ ਹਨ। ਜਾ ਕੇ ਦੇਖ ਤਾਂ ਸਹੀ। ਨਹਿਰੂ ਪਰਿਵਾਰ ਸਾਰਾ ਟੰਗਿਆ ਪਿਆ ਹੈ। ਜਾਹ ਦੇਖ—ਗੁਰੂ ਘਰ ਦੇ ਦੋਖੀ ਸਾਰੇ ਟੰਗੇ ਪਏ ਹਨ। ਮੀਰ ਮਨੂੰ ਵਰਗੇ ਅਜੇ ਵੀ ਟੰਗੇ ਪਏ ਹਨ। ਦੇਹਧਾਰੀ ਗੁਰੂ ਸਾਰੇ ਟੰਗੇ ਪਏ ਹਨ, ਜ਼ੈਲ ਸਿੰਘ ਟੰਗਿਆ ਪਿਆ ਹੈ। ਰੱਬ ਕਰੇ ! ਤੂੰ ਵਾਪਸ ਆ ਕੇ ਦੱਸ ਸਕੇਂ। ਮਹਾਤਮਾ ਗਾਂਧੀ ਨੂੰ ਹਾਲ ਚਾਲ ਪੁੱਛੀਂ, ਦਸਵੇਂ ਪਾਤਿਸ਼ਾਹ ਨੂੰ ਭੁੱਲੜ ਦੇਸ਼ ਭਗਤ ਆਖਦਾ ਸੀ।

ਅਜੇ ਵੀ ਗੱਲ ਮੰਨ ਲੈ। ਅੰਮ੍ਰਿਤ ਛਕ ਲੈ। ਗੁਰਬਾਣੀ ਵਿਚ ਤੇ ਸਿਮਰਨ ਵਿਚ ਸੁਰਤਿ ਲਾ। ਸੰਗਤਿ ਕਰਿਆ ਕਰ। ਚਰਨ-ਧੂੜ ਲਿਆ ਕਰ। ਜੂਠੇ ਭਾਂਡੇ ਮਾਂਜਿਆ ਕਰ। ਸਰਬੱਤ ਦਾ ਭਲਾ ਮੰਗੀਂ। ਬੁਰਾ ਕਦੇ ਵੀ ਕਿਸੇ ਦਾ ਨਾ ਸੋਚੀਂ। ਮਨੁੱਖਤਾ ਦੀ ਸੇਵਾ ਕਰਦਾ ਰਹੀਂ। ਰੱਬ ਚੰਗਾ ਨਹੀਂ ਹੈ ? ਰੱਬ ਤਾਂ ਉਹਨਾਂ ਨੂੰ ਵੀ ਨਹੀਂ ਛੱਡਦਾ, ਜਿਹੜੇ ਸੰਗਤਿ ਵਿਚ ਤਾਂ ਬੈਠੇ ਰਹਿਣਗੇ ਤੇ ਅਰਦਾਸ ਤੋਂ ਪਹਿਲਾਂ ਤੇ ਸੁਖ-ਆਸਣ ਤੋਂ ਪਹਿਲਾਂ ਉਠ ਆਉਣਗੇ, ਗੁਰੂ ਸਾਹਿਬ ਆਪਣੀ ਨਿਰਾਦਰੀ ਸਮਝਦੇ ਹਨ।

ਰੱਬ ਉਹਨਾਂ ਨੂੰ ਵੀ ਨਹੀਂ ਬਖ਼ਸ਼ਦਾ, ਜੋ ਗੁਰੂ ਪਾਤਿਸ਼ਾਹ ਦੀ ਹਜ਼ੂਰੀ ਵਿਚ ਗੱਲਾਂ ਕਰਦੇ ਹਨ।

ਰੱਬ ਉਹਨਾਂ ਨੂੰ ਵੀ ਨਹੀਂ ਬਖ਼ਸ਼ਦਾ, ਜੋ ਧਿਆਨ ਨਾਲ ਕਥਾ, ਗੁਰਬਾਣੀ, ਕੀਰਤਨ ਨਹੀਂ ਸੁਣਦੇ।

ਰੱਬ ਉਹਨਾਂ ਨੂੰ ਬਿਲਕੁਲ ਹੀ ਨਹੀਂ ਬਖ਼ਸ਼ਦਾ, ਜੋ ਗੁਰਦੁਆਰੇ ਨੂੰ ਆਪਣੀ ਸਿਆਸਤ ਲਈ ਵਰਤਦੇ ਹਨ।

ਰੱਬ ਉਹਨਾਂ ਨੂੰ ਵੀ ਨਹੀਂ ਬਖ਼ਸ਼ਦਾ, ਜੋ ਆਪਣੇ ਨਿੱਜੀ ਸੁਆਰਥ ਲਈ ਗੁਰਦੁਆਰੇ ਨੂੰ ਵਰਤਦੇ ਹਨ।

ਪਿਛਲੇ ਪੰਜਾਂ ਸਾਲਾਂ ਵਿਚ ਸਾਰੀ ਅਕਾਲੀ ਸਿਆਸਤ ਨੇ ਗੁਰਦੁਆਰਿਆਂ ਦਾ Misuse ਹੀ ਕੀਤਾ ਹੈ। ਰੱਬ ਨੇ ਬਖ਼ਸ਼ਣੇ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਜਿਹਨਾਂ ਸ਼ਰਾਬ ਦੇ ਠੇਕੇ ਲਏ ਹਨ, ਉਹਨਾਂ ਦਾ ਦੇਖਣਾ ਹਾਲ ਕੀ ਕਰਦਾ ਹੈ ?

ਜੇ ਇਹੀ ਸ਼ਰਾਬ ਪਾ ਕੇ ਨਾ ਸਾੜੇ ਤਾਂ ਕਹਿਣਾ—ਭੁੰਨ ਕੇ ਵਤਾਊਂ ਦੀ ਤਰ੍ਹਾਂ ਨਾ ਰੱਖੇ ਤਾਂ ਕਹਿਣਾ।

ਗੁਰਦੁਆਰੇ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਦਸੇ ਗੁਰੂਆਂ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਸੰਗਤਿ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਰੱਬ ਦੇ, ਅਸੂਲਾਂ ਦੇ, ਗੁਰਬਾਣੀ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਖ਼ਾਲਸਾ ਪੰਥ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਅੰਮ੍ਰਿਤਧਾਰੀ ਗੁਰਸਿੱਖ ਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਸਿੰਘਾਂ ਨੂੰ ਤੰਗ ਕਰਨ ਵਾਲੇ ਨੂੰ ਰੱਬ ਨਹੀਂ ਬਖ਼ਸ਼ਦਾ।

ਨਰਕਾਂ ਉਸ ਦੀਆਂ ਬਹੁਤ ਗੰਦੀਆਂ ਹਨ, ਵਿਸ਼ਟਾ ਦਾ ਕੀੜਾ ਬਣਾ ਦਿੰਦਾ ਹੈ। ਤੂੰ ਮੇਰਾ ਨਾਮ ਨਹੀਂ ਜਪਿਆ, 100 ਸਾਲ ਟੱਟੀ ਖਾਹ। ਕਿਹਨੂੰ ਕਹਿ ਰਿਹਾ ਹੈ, ਪੁੱਤਰ ਨੂੰ! ਚੰਗਾ ਕਿਵੇਂ ਹੋਇਆ ?

ਜਮਦੂਤ ਉਸ ਦੇ ਬਹੁਤ ਗੰਦੇ ਹਨ, ਚੰਗੀ ਗੱਲ ਕੋਈ ਆਉਂਦੀ ਹੀ ਨਹੀਂ।

ਧਰਮਰਾਜ ਬਹੁਤ ਗੰਦਾ ਹੈ, ਮੁਆਫ਼ ਤਾਂ ਕਰਦਾ ਹੀ ਨਹੀਂ।

ਰੱਬ ਦਾ, ਦੂਸਰੇ ਸਰੀਰ ਦਾ ਪੱਖ ਬਹੁਤ ਗੰਦਾ ਹੈ। ਸਰੀਰਕ ਮੋਹ ਵਾਲੇ ਤੋਂ ਬਦਲਾ ਜ਼ਰੂਰ ਲੈਂਦਾ ਹੈ। ਬਖ਼ਸ਼ਦਾ ਕਿਸੇ ਨੂੰ ਨਹੀਂ। ਅੰਮ੍ਰਿਤਧਾਰੀ ਤੋਂ ਸਰੀਰ ਦਾ ਦੁਖ ਦੇ ਕੇ ਬਦਲਾ ਲੈਂਦਾ ਹੈ। ਮਨਮੁਖ ਦੀ ਆਤਮਾ ਤੋਂ ਬਦਲਾ ਲੈਂਦਾ ਹੈ। ਗੰਮਾਂਡ ਵੀ ਲੈਂਦਾ ਹੈ। ਅਰਬਾਂ ਸਾਲਾਂ ਦੇ ਚੱਕਰ ਵਿਚ ਪਾ ਦੇਂਦਾ ਹੈ।

ਰੱਬ ਕਿਸੇ ਪੱਖੋਂ ਵੀ ਚੰਗਾ ਨਹੀਂ ਹੈ। ਬਸ ! ਵਿਆਹ ਕਰਾ ਲੈ ਰੱਬ ਨਾਲ, ਨਹੀਂ ਤੇ ਚੰਗਾ ਨਹੀਂ ਹੈ।

ਪੰਨਾ 893 ਯਾਦ ਰੱਖੋ—ਸ਼ਬਦ ਪੜ੍ਹੋ—"ਮੇਰੇ ਰਾਮ ਕੋ ਭੰਡਾਰੁ ॥" ਰੱਬ ਆਪਣੇ ਭੰਡਾਰ/ਖ਼ਜ਼ਾਨੇ ਵਿਚੋਂ ਕੁਛ ਵੀ ਦੇਣ ਨੂੰ ਤਿਆਰ ਨਹੀਂ। ਜੇ ਦਿੰਦਾ ਹੈ ਤਾਂ 5-5 ਸਾਲ ਬਾਦ ਇਕ ਚੀਜ਼। ਫਿਰ ਤਰਸਾਈ ਜਾਏਗਾ, ਫਿਰ 10 ਸਾਲ ਬਾਦ ਇਕ ਚੀਜ਼, ਫਿਰ 10 ਸਾਲ ਬਾਦ ਇਕ ਦੈਵੀ ਗੁਣ, ਕਰਦਿਆਂ ਕਰਦਿਆਂ ਉਮਰ ਬਿਤਾ ਦਿੰਦਾ ਹੈ। ਆਪਣੇ ਦਰਸ਼ਨ ਤੇ ਸਚਖੰਡਿ ਦੇ ਦਰਸ਼ਨ ਬਹੁਤ ਔਖੇ ਦਿੰਦਾ ਹੈ। ਪਹਿਲੀ ਗੱਲ, ਦਿੰਦਾ ਹੀ ਨਹੀਂ, ਜੇ ਦਿੰਦਾ ਹੈ ਤਾਂ ਉਮਰ ਬੀਤ ਜਾਣ ਤੇ ਦਿੰਦਾ ਹੈ। ਜੇ ਰੱਬ ਨੂੰ ਤਰਸ ਆਏ ਤਾਂ ਸਾਰੀ ਦੁਨੀਆਂ ਨਾ ਸੁਧਾਰ ਦੇਵੇ, ਚਲੋ 50% ਹੀ ਸੁਧਾਰ ਦੇਵੇ, 10% ਹੀ ਸੁਧਾਰ ਦੇਵੇ। ਪਰ ਉਸ ਨੂੰ ਤਰਸ ਹੀ ਨਹੀਂ ਆਉਂਦਾ। ਮਾਇਆ ਦੇਣ ਨੂੰ ਤਿਆਰ ਹੈ, ਦੈਵੀ ਗੁਣ ਨਹੀਂ। ਜੀਵ ! ਰੱਬ ਦਾ ਮਾਇਆ ਨਾਲ ਕੀ ਸੰਬੰਧ ਹੈ ? ਕੰਜਰੀ ਹੈ।

ਰੱਬ ਨੇ ਭੇਜਿਆ ਹੀ ਇਸੇ ਲਈ ਹੈ ਕਿ ਮੈਨੂੰ ਭੁੱਲ ਜਾਏ।

ਰੱਬ ਦੀ 100% ਕੋਸ਼ਿਸ਼ ਹੈ ਕਿ ਮੈਨੂੰ ਯਾਦ ਨਾ ਕਰੇ।

ਰੱਬ ਨੂੰ ਯਾਦ ਕਰਨਾ, ਰੱਬ ਨਾਲ ਲੜਾਈ ਮੁੱਲ ਲੈਣ ਵਾਲੀ ਗੱਲ ਹੈ।

ਅੰਮ੍ਰਿਤ ਛਕਣ ਤੋਂ ਬਾਦ ਵੀ ਸਰੀਰ ਢਾਹ ਲੈਂਦਾ ਹੈ। ਕੁਰਹਿਤ ਕਰਵਾ ਲੈਂਦਾ ਹੈ।

ਇਕ ਕੁਰਹਿਤ ਹੋ ਗਈ, ਤੇਤੀ ਸਾਲ ਬਾਦ ਰੱਬ ਮਿਲੇਗਾ।

ਦੋ ਕੁਰਹਿਤਾਂ ਹੋ ਗਈਆਂ, 66 ਸਾਲਾਂ ਬਾਦ ਰੱਬ ਮਿਲੇਗਾ।

ਤਿੰਨ ਕੁਰਹਿਤਾਂ ਹੋ ਗਈਆਂ, 100 ਸਾਲ ਲੱਗ ਜਾਣਾ ਹੈ।

ਰੱਬ ਨੂੰ ਮਿਲਣਾ ਹੈ ਤਾਂ ਗੁਰੂ ਨਾਨਕ ਅੱਗੇ ਸਮਰਪਣ ਕਰ ਦੇਹ।

ਗੁਰੂ ਨਾਨਕ ਤੋਂ ਬਖ਼ਸ਼ਸ਼ ਲੈ ਲੈ, ਹੋਰ ਕੋਈ ਚਾਰਾ ਨਹੀਂ।

ਅੰਮ੍ਰਿਤ ਛਕ ਕੇ ਕੁਰਹਿਤ ਸੁਪਨੇ ਵਿਚ ਵੀ ਨਾ ਸੋਚੀਂ, ਕਰਨੀ ਤਾਂ ਇਕ ਪਾਸੇ ਰਹੀ। ਗੱਲ ਸਜ਼ਾ ਦੀ ਨਹੀਂ। ਸਜ਼ਾ ਗੰਦੀ ਬਹੁਤ ਹੈ। ਮੂੰਹ ਵਿਚ ਟੱਟੀ ਪਾ ਦੇਣੀ। ਗੰਦੇ ਖੂਹ ਵਿਚ ਗੋਤਾ ਦੇ ਦੇਣਾ। ਸਿਰ ਪੈਰਾਂ ਨਾਲ ਬੰਨ੍ਹ ਕੇ ਲਟਕਾ ਦੇਣਾ। ਨੰਗੇ ਰੱਖਣਾ ਤੇ ਸ਼ਰਾਰਤਾਂ ਕਰਨੀਆਂ। ਜਮਦੂਤ ਨੂੰ ਹੋਰ ਕੋਈ ਕੰਮ ਹੀ ਨਹੀਂ ਆਉਂਦਾ, ਗੰਦੀਆਂ ਸਜ਼ਾਵਾਂ ਤੋਂ ਬਗ਼ੈਰ। ਕੋਈ ਛੁਡਵਾ ਵੀ ਨਹੀਂ ਸਕਦਾ। ਜਿਹੜਾ ਛੁਡਵਾ ਸਕਦਾ ਹੈ, ਉਹੀ ਗੁਰੂ ਹੈ। ਹੈ ਕੋਈ ? ਚੈਲੰਜ !

•